ੴ ਸਤਿਗੁਰ ਪ੍ਰਸਾਦਿ ॥

ਧੰਨਿ ਸੁ ਗਾਂਉ ਧੰਨਿ ਸੋ ਨਾਓ, ਧੰਨਿ ਪੁਨੀਤ ਕੁਟੰਬ ਸਭ ਲੋਇ ॥
ਜਿਨਿ ਪੀਆ ਸਾਰ ਰਸੁ, ਤਜੇ ਆਨ ਰਸ, ਹੋਇ ਰਸ ਮਗਨ ਡਾਰੇ ਬਿਖੁ ਖੋਇ ॥ ੨ ॥

**[January, 21- 1999.]**

ਸਤਿਕਾਰ ਜੋਗ ਸਿੰਘ ਸਾਹਿਬ ਜਥੇਦਾਰ ਮਨਜੀਤ ਸਿੰਘ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

**੧)** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਜੋਕੇ ਸੇਵਾਦਾਰ ਸਿੰਘ ਸਾਹਿਬ ਰਣਜੀਤ ਸਿੰਘ ਜੀ ਦੇ ਗੁਰਮਤਿ ਵਿਰੋਧੀ ਕਿਰਦਾਰ ਬਾਰੇ ਚਿੱ!ਠੀ ਲਿਖ ਕੇ ਦਾਸ ਨਏ ਗੁਰਮੁਖ ਪਿਆਰੇ ਸ: ਜਸਵਿੰਦਰ ਸਿੰਘ ਜੀ ਐਡਵੋਕੇਟ (**Member S.G.P.C.**) ਰਾਹੀਂ ਟੌਹੜਾ ਸਾਹਿਬ ਦੀ ਸੇਵਾ ਵਿਚ ਭੇਜੀ ਸੀ । ਉਨ੍ਹਾਂ ਤੋ' ਹੀ, ਪਤਾ ਲੱਗਾ ਸੀ ਕਿ, ਉਹ ਚਿੱਠੀ ਆਪ ਜੀ ਨੇ ਤੇ ਸਿੰਘ ਸਾਹਿਬ ਕੇਵਲ ਸਿੰਘ ਜੀ ਨੇ ਵੀ ਪੜ੍ਹੀ ਸੀ। ਪੰਜਾਬ ਦੀ ਕਿਸੇ ਅਖ਼ਾਰ ਵਿਚ ਤੇ ਨਾ ਛਪ ਸਕੀ ਪਰ ਏਥੇ ਕੈਨੇਡਾ ਵਿਖੇ ਅਖ਼ਬਾਰ ਵਿਚ ਛਪਣ ਦੇ ਨਾਲ ਉਹੀ ਚਿੱਠੀ, ਇੰਟਰ ਨੈਟ ਤੇ ਵੀ ਪੈ ਗਈ । ਕਈਆਂ ਪੁਸਤਕਾਂ ਵਿਚ ਛਪ ਜਾਣ ਦੇ ਕਾਰਨ, ਲੰਗਰ ਵਿਚ ਪਈਆਂ ਕੁਰਸੀਆਂ ਚੁਕਵਾਉਣ ਦੀ ਨਿੱਜੀ ਜ਼ਿੱਦ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੀਤੀ ਘੋਰ ਅੱਵਗਿਆ ਨੂੰ ਪੰਥਕ ਤੌਰ ਤੇ ਅੰਮ੍ਰਿਤ ਸਮਝ ਕੇ ਛਕ ਜਾਣ ਵਾਲਾ ਇਹ **ਦੁਖਦਾਈ ਭਾਣਾ,** ਇਤਿਹਾਸ ਦਾ ਸਦੀਵੀ ਅੰਗ ਬਣ ਗਿਆ ਹੈ।

**੨)** ਪਾਵਨ ਪਵਿਤ੍ਰ ਸ੍ਰੀ ਅਕਾਲ ਤੱਖਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਤੋਂ ਉਪਜੇ ਗੰਭੀਰ ਕਿਸਮ ਦੇ ਵਿਵਾਦ ਤੋਂ ਫੁੱਟ ਦਾ ਭਿਆਨਕ ਰੋਗ ਪੱਸਰਦਾ ਜਾਣ ਦੇ ਦੁੱਖ ਤੋਂ, ਅਤੇ ਫਿਰ ਬਾਕੀ ਚਾਰ ਪਾਵਨ ਤਖ਼ਤ ਸਾਹਿਬਾਨ ਦੇ ਸਿੰਘ ਸਾਹਿਬਾਨ ਇਸ ਦਾ ਕੋਈ ਸੁਖਾਵਾਂ ਹਲ ਕਰ ਸਕਣ ਤੋਂ ਬੇਬੱਸ ਹੋਏ ਦਿੱਸ ਆਉਣ ਤੋਂ, ਕਈਆਂ ਗੁਰਮੁਖਾਂ ਵਲੋਂ ਇਨ੍ਹਾਂ ਪਾਵਨ ਤਖ਼ਤ ਸਾਹਿਬਾਨ ਤੇ ਇਤਿਹਾਸ ਬਾਰੇ ਅਤੇ ਇਨ੍ਹਾਂ ਤੋਂ ਪੰਥ ਨੂੰ ਹੁੰਦੇ ਰਹੇ, ਜਾਂ ਸਿੱਖ ਪੰਥ ਨੂੰ ਹੋ ਰਹੀਆਂ ਪ੍ਰਾਪਤੀਆਂ ਬਾਰੇ-- ਅਜੇਹੀਆਂ ਪੁੱਛਾਂ ਆ ਰਹੀਆਂ ਹਨ, ਜਿਨ੍ਹਾਂ ਦਾ ਠੀਕ ਠੀਕ ਉੱਤਰ ਦੇ ਸਕਣਾ, ਦਾਸ ਦੇ ਵੱਸ ਦੀ ਗੱਲ ਨਹੀਂ ਹੈ ਜੀ।

ਆਪ ਜੀ ਤੋਂ ਇਹ ਗੱਲ ਲੁਕੀ ਹੋਈ ਨਹੀਂ ਹੈ ਕਿ, ਸੰਨ ੧੯੮੯ ਤੋਂ ਦਾਸ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਾਹਿਬਾਨ ਸਮੇਤ ਸਾਰੇ ਕੇਂਦਰੀ-ਆਗੂਆਂ ਦੀ ਸੇਵਾ ਵਿਚ ਕਈ ਬੇਨਤੀ ਪੱਤਰ ਲਿਖਦਾ ਆ ਰਿਹਾ ਹਾਂ, ਪਰ ਕਦੇ ਕਿਸੇ ਨੇ ਕੋਈ ਹੁੰਗਾਰਾ ਤੱਕ ਨਹੀਂ ਭਰਿਆ। ਆਪ ਜੀ ਦੇ ਮਿਠ-ਬੋਲੜੇ ਠੰਡੇ ਸੁਭਾਅ, ਅਤੇ ਗੁਰਮਤਿ ਦੀ ਡੂੰਘੀ ਜਾਣਕਾਰੀ ਬਾਰੇ ਚੰਗੀਆਂ ਸੋਆਂ ਆਉਂਦੀਆਂ ਰਹਿਣ ਤੋਂ ਗੁਰਮਤਿ-ਸੇਧ ਦੀ ਪ੍ਰਾਪਤੀ ਦੀ ਆਸ ਨਾਲ ਤੁਹਾਡੇ ਮਹਿਲਾਂ ਦਾ ਦਰ ਵੀ ਕਈ ਵਾਰੀ ਖੜਕਾਇਆ, ਤੁਸੀਂ ਵੀ ਭਾਵੇਂ ਕਦੇ ਕਿਸੇ ਗੁਰਮਤਿ-ਸੇਧ ਦੀ ਬਖ਼ਸ਼ਸ਼ ਨਹੀਂ ਕੀਤੀ, ਪਰ, ਇਸ ਆਸ ਨਾਲ ਕਿ, ਸ਼ਾਇਦ ਇਸ ਵਾਰੀ ਹੀ ਕੋਈ ਖ਼ੈਰ ਝੋਲੀ ਪੈ ਜਾਵੇ ? ਕਿਸੇ ਸੁਖਦਾਇਕਿ ਗੁਰਮਤਿ-ਸੇਧ-ਪੱਤਰ ਆ ਜਾਣ ਦੀ ਆਸ ਨਾਲ, ਇਸ ਜੋਦੜੀ ਪੱਤਰ ਦੁਆਰਾ, ਵੱਡੇ ਢੀਠ ਮੰਗਤੇ ਵਾਂਗ ਆਪ ਜੀ ਦੇ ਦਰ ਤੇ ਆ ਖਲੋਤਾ ਹਾਂ ।

**੩) ਅੱਗ ਅਤੇ ਪਾਣੀ ਦੇ ਭਿਆਨਕ ਤਸੀਹੇ ਸਹਾਰਦਿਆਂ ਹੋਈ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਭੈ-ਭੀਤ ਹੋ ਕੇ ਢਹਿੰਦੀਆਂ ਕਲਾਂ ਦਾ ਸ਼ਿਕਾਰ ਹੋ ਰਹੇ+**

**ਗੁਰੂ ਨਾਨਕ ਸਾਹਿਬ ਜੀ ਦੇ ਨਿਰਮਲ ਪੰਥੀਆਂ** ਵਿਚ ਸੂਰਮਤਾਈ ਦਾ ਜਜ਼ਬਾ ਭਰ ਦੇਣ ਲਈ, ਕੇਵਲ ੧੧ ਸਾਲ ਦੀ ਉਮਰੇ ਗੁਰਿਆਈ ਦੀ ਸੇਵਾ ਨਿਭਾਉਣ ਦੀ ਬੜੀ ਵੱਡੀ ਜਿੰਮੇਵਾਰੀ ਸਾਂਭ ਲੈਣ ਵਾਲੇ ਅਨੂਪਮ ਸੂਰਮੇ ਛੇਂਵੇ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ **ਪੀਰੀ-->** [ਨੋਟ:-ਦਾਸ ਦੇ ਮਨ ਵਿਚ ਪੱਕਾ ਭਰੋਸਾ ਬਣ ਚੁਕਿਆ ਹੈ ਕਿ ਗੁਰਿਆਈ ਦੀ ਜ਼ਿੰਮੇਵਾਰੀ ਸੌਂਪਣ ਸਮੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸ੍ਰੀ ਗੁਰੂ ਅੰਗਦ ਸਹਿਬ ਜੀ ਨੂੰ ਖੜਗ ਸੌਂਪ ਕੇ ਕ੍ਰਿਪਾਨ ਨੂੰ ਪੀਰੀ ਦੀ ਨਿਸ਼ਾਨੀ ਬਣਾ ਦਿੱਤਾ ਹੋਇਆ ਸੀ-**ਸੰਕੇਤ ...**?--**ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ ॥** (ਪੰਨਾ ੯੬੬) ਅਤੇ ਛੇਵੇਂ ਸਰੂਪ ਸਮੇਂ ਮੀਰੀ ਦੀ ਕਿਰਪਾਨ ਵੀ ਮੰਗ ਲੈਣੀ ? ਕੋਈ ਭੁਲ ਨਹੀਂ ਸੀ ਹੋਈ ?] **<** ਦੀ ਕਿਰਪਾਨ ਦੇ ਨਾਲ **ਮੀਰੀ** ਦੀ ਖੜਗ ਵੀ ਧਾਰਨ ਕਰ ਲਈ ਸੀ। (੨) - -ਹਜ਼ਾਰਾਂ ਸਾਲਾ ਤੋਂ ਬ੍ਰਾਹਮਣ ਦੇ ਨਿਰਦਈ-ਕਰਮਕਾਂਡੀ ਜੂਲੇ ਵਿਚ ਫ਼ਸੇ ਰਹਿਣ ਤੋਂ, ਨਿਤਾਣੇ ਹੋ ਚੁੱਕੇ ਹਿੰਦੂਆਂ ਤੋਂ ਸਿੱਖ ਬਣਨ ਤੋਂ ਝਿਜਕਣ ਲੱਗ ਪਏ ਹੋਏੈ ਅਥਵਾ (ਬ੍ਰਾਹਮਣ ਆਦਿ ਕਥਿਤ ਉੱਚ ਜਾਤੀਆਂ ਦੇ ਹੰਕਾਰੀ ਵਤੀਰੇ ਤੋਂ ਪੀੜਤ, ਹੀਣਤਾ ਦੇ ਅਨੁਭਵ ਵਿਚ ਵਿਚਰ ਰਹੇ-), ਗ਼ਰੀਬ ਨਿਤਾਣੇ ਕਿਰਤੀਆਂ ਦੇ ਮਨਾਂ ਵਿਚ ਸੁਤੰਤਰ ਪਾਤਸ਼ਾਹਾਂ ਵਾਲਾ ਸਵੈਮਾਨ ਭਰ ਦੇਣ ਲਈ, ਸ਼ਾਹਾਨਾਂ ਡਿੱਠ ਵਾਲਾ ਪੁਸ਼ਾਕਾ ਅਤੇ (ਦੈਵੀ ਬਰਕਤਾਂ ਵਾਲੇ ਪਾਵਨ ਸੀਸ ਤੇ) ਵਡਮੁੱਲੀ ਸੁੰਦਰ ਕਲਗੀ ਧਾਰਨ ਕਰ ਲੈਣ ਦੇ ਨਾਲ **ਪਾਵਨ** ਪਵਿਤ੍ਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਦੇ ਇਤਿਹਾਸ **ਤੋਂ** ਹੋਏ ਚਮਤਕਾਰੀ ਪ੍ਰੀਵਤਨ ਤੋਂ ਕਈ ਗੁਰਮੁਖ ਸੱਜਣ ਜਾਣੂੰ ਹਨ । ਪਰ ਬਾਕੀ ਚਾਰ ਤਖ਼ਤ ਸਾਹਿਬਾਨ ਦੀ ਸਿਰਜਣਾ ਬਾਰੇ ਪ੍ਰਗਟ ਕੀਤੇ ਜਾ ਰਹੇ **ਜਿਨ੍ਹਾਂ ਸ਼ੰਕਿਆਂ** ਦੀ ਨਿਵਰਤੀ ਲਈ ਤੁਹਾਡੇ ਦੁਆਰੇ ਤੇ ਆਉਣ ਦੀ ਮਜਬੂਰੀ ਆ ਬਣੀ ਹੈ, **ਉਨ੍ਹਾਂ ਦਾ ਵੇਰਵਾ** ਇਸ ਪ੍ਰਕਾਰ ਹੈ ਜੀ--

(ੳ) ਕੀ, ਖ਼ਾਲਸਾ ਜੀ ਨੇ ਇਹ ਪਾਵਨ ਤਖ਼ਤ--ਸਿਆਸੀ ਸ਼ਕਤੀ ਪ੍ਰਾਪਤ ਕਰਨ ਦੀ ਪ੍ਰੇਰਨਾਂ ਮਿਲਦੀ ਰਹਿਣ ਲਈ ਸਿਰਜੇ ਹਨ ਕਿ, ਜਾਂ ਇਹ ਪਾਵਨ ਪਵਿੱਤ੍ਰ ਤਖ਼ਤ ਰੱਬੀ ਬਾਦਸ਼ਾਹਤ ਦੇ ਪ੍ਰਤੀਕ ਹਨ ਜੀ?

(ਅ) **ਸਿਆਸੀ ਦੁਨੀਆਂ ਦੇ ਤਖ਼ਤ ?---ਇਤਿਹਾਸ ਗਵਾਹ ਹੈ---ਕਦੇ** ਅੰਗਰੇਜ਼ ਦੇ ਰਾਜ ਵਿਚ ਸੂਰਜ ਨਹੀਂ ਸੀ ਡੁੱਬਿਆ ਕਰਦਾ । ਸੰਸਾਰ ਦੇ ਕਈ ਦੇਸ਼ਾਂ ਵਿਚ ਰਾਜ ਕਰ ਰਹੇ ਅੰਗ੍ਰੇਜ਼ ਦੀ ਵਿਸ਼ਾਲ ਹਕੂਮਤ ਦਾ ਕੇਵਲ ਮਾਤ੍ਰ ਸ਼ਾਹੀ-ਤਖ਼ਤ ਇੰਗਲੈਂਡ ਵਿਚ ਹੀ ਰਿਹਾ। ਦਿੱਲੀ ਦੇ

ਸਮਰਾਟ ਆਗਰੇ ਲਾਹੌਰ ਅਤੇ ਹੋਰ ਕਈ ਥਾਂਈ ਟਿਕਦੇ ਰਹੇ ਸਨ--ਪਰ ਭਾਰਤ ਦੇਸ਼ ਦੇ ਰਾਜ ਦਾ ਤਖ਼ਤ ਅਥਵਾ **ਤਖ਼ਤ-ਏ--ਤਾਊਸ**, ਦਿੱਲੀ ਹੀ ਟਿਕਿਆ ਰਿਹਾ ਸੀ ? ਸਪੱਸ਼ਟ ਹੈ ਕਿ ਕੋਈ ਵੀ ਹਕੂਮਤਿ ਇੱਕ ਤੋਂ ਵੱਧ ਤਖ਼ਤ ਬਣਾ ਲੈਣ ਵਿਚ ਆਪਣੀ ਸਲਾਮਤੀ ਨਹੀਂ ਮੰਨਦੀ । ਇੱਕ ਤੋਂ ਵੱਧ ਤਖ਼ਤ ਫੁੱਟ ਦੇ ਪ੍ਰਤੀਕ ਤਾਂ ਹੋ ਸਕਦੇ ਹਨ ਰਾਜ ਦੀ ਸ਼ਕਤੀ ਵਧਾਉਣ ਦੇ ਕੰਮ ਕਦੇ ਨਹੀਂ ਆ ਸਕਦੇ । ਇਹ ਚਾਨਣਾ ਪਾਉ ਕਿ ਖ਼ਾਲਸਾ ਜੀ ਨੇ ਚਾਰ ਤੱਖਤ ਬਣਾ ਕੇ ਕੌਮ ਨੂੰ ਕੀ ਲਾਭ ਪੁਚਾਇਆ ਅਥਵਾ ਜਗਤ ਨੂੰ ਕੀ ਉਪਦੇਸ਼ ਦਿੱਤਾ ਜੀ ?

(ੲ) **ਹਰਿ ਰਾਇਆ ਜੀ ਦਾ ਤਖ਼ਤ ?**--ਜੇ ਅਸੀਂ ਇਨ੍ਹਾਂ (ਚੌਹਾਂ) ਤਖ਼ਤ ਸਾਹਿਬਾਨ ਨੂੰ ਅਕਾਲ ਪੁਰਖ ਜੀ ਦੇ ਰਾਜ ਦੇ ਪ੍ਰਤੀਕ ਮੰਨਦੇ ਹਾਂ ਤਾਂ ਕੀ, ਅਸੀਂ ਗੁਰਮਤਿ ਦੀ ਘੋਰ ਖੰਡਨਾਂ ਨਹੀਂ ਕਰ ਰਹੇ ਹੋਵਾਂਗੇ ਜੀ ? ਕੀ, ਕਰਤੇ ਪੁਰਖ ਦਾ ਅਸਲੀ ਤਖ਼ਤ, ਉਸ ਦੀ ਸਮੂਹ ਸਿਰਜਣਾ ਹੀ ਨਹੀਂ ਹੈ ਜੀ ? **ਕਣ ਕਣ** ਵਿਚ ਵਿਆਪਕ, **ਕਰਣ** ਅਤੇ **ਕਾਰਣ**--ਸਭ ਕੁਝ ਆਪੇ ਆਪ-- **ਅਕਾਲਪੁਰਖ** ਜੀ ਵਾਸਤੇ **ਕੀ,** ਮਨੁੱਖੀ ਹੱਥਾਂ ਨਾਲ ਕੋਈ ਮੰਦਰ ਜਾਂ ਤਖ਼ਤ ਕਦੇ ਬਣਾਇਆ ਜਾ ਸਕਦਾ ਹੈ ਜੀ ? ਸੋਨੇ ਦੇ ਬਣੇ ਹੀਰਿਆਂ-ਜੜਤ ਵੱਡੇ ਤੋਂ ਵੱਡੇ ਸੁੰਦਰ ਮਹਿਲ ਨੂੰ ਹਰੀ ਦਾ **ਮੰਦਰ ਮਿਥ ਲੈਣ ਦਾ ਵਿਚਾਰ ਵੀ, ਕੀ,** ਅਨੁਪਮ ਸੂਰਮੇ ਸਤਿਗੁਰੂ ਨਾਨਕ ਸਾਹਿਬ ਜੀ ਦੀ ਨਿੱਜੀ ਹੇਠੀ ਕਰਨ ਵਾਲੀ ਮੂਰਖਤਾਈ ਨਾ ਹੋਵੇਗੀ ਜੀ? ਕੀ ਸਾਨੂੰ ਵਡਾ ਮਾਣ ਨਹੀਂ ਹੋਣਾ ਚਾਹੀਦਾ ਹੈ ਕਿ ਅਸੀਂ ਉਸ ਨਿਰਭੈ ਨਿਰਵੈਰ ਸਤਿਗੁਰੂ ਨਾਨਕ ਸਾਹਿਬ ਜੀ ਦੇ ਸਿੱਖ ਹਾਂ ਜੋ ਮੁਸਲਮਾਨਾ ਲਈ ਸਮਝੇ ਗਏ ਪਵੱਤਿਰ ਦੇਸ਼ ਵਿਚ, ਉਨ੍ਹਾਂ ਦਿਨਾਂ ਵਿਚ ਜਾ ਪੁੱਜੇ ਸਨ, ਜਦ ਮੁਸਲਮਾਨ ਨੇ ਭਾਰਤੀ ਹਿੰਦੂਆਂ ਨੂੰ ਕਾਫ਼ਰ ਜਾਣ ਕੇ ਜਾਨੋ ਮਾਰ ਦੇਣਾ ਵਡਾ ਪੁੰਨ ਮੰਨ ਲਿਆ ਹੋਇਆ ਸੀ। ਇਸਲਾਮੀ ਧਰਮ ਦੇ ਕੇਂਦਰ ਅਰਬ ਦੇਸ਼ ਵਿਚ ਜਿੱਥੇ ਹਿੰਦੂ ਘਰਾਨੇ ਦੇ ਜਮ-ਪਲ (**Non-muslim**) ਲਈ ਹਰ ਸਮੇਂ ਮੌਤ ਦਾ ਭੈ ਬਣਿਆਂ ਰਹਿੰਦਾ ਸੀ, ਪਰਮ ਸੂਰਮੇ ਸਤਿਗੁਰੂ ਜੀ ਪਰਤੱਖ ਮੌਤ ਦੇ ਭੈ ਤੋਂ ਲਾ ਪਰਵਾਹ, ਹਜ਼ਾਰਾਂ ਕੱਟੜ-ਪੰਥੀ ਮੁਸਲਮਾਨਾ ਦੇ ਹੁੰਦਿਆਂ, ਨਿਧੜਕ ਹੋ ਕੇ ਰੱਬ ਦ; ਘਰ ਮੰਨੇ ਜਾ ਰਹੇ **ਕਾਬੇ** ਵੱਲ ਪੈਰ ਪਸਾਰ ਕੇ ਲੇਟ ਜਾਣਾ, ਮਨੁੱਖਤਾ ਲਈ ਚਾਨਣ-ਮੁਨਾਰਾ ਸੀ ਕਿ-- **ਹੇ ਸੰਸਾਰ ਦੇ ਲੋਕੋ !** ਕਦੇ ਕਿਸੇ ਮੰਦਰ ਨੂੰ ਸਰਬਵਿਆਪੀ ਸਿਰਜਣਹਾਰ ਦਾ ਘਰ ਨਾ ਮੰਨ ਬੈਠਿਓ? ਉਸੇ ਸਤਿਗੁਰੂ ਜੀ ਦਾ ਸਿੱਖ ਕਿਸੇ ਵੀ ਮੰਦਰ ਨੂੰ ਰੱਬ ਦਾ ਘਰ ਜਾਂ ਉਸ ਸਰਬਨਿਵਾਸੀ ਦਾ **ਤਖ਼ਤ** ਕਿਹੜੀ ਗੁਰਮਤਿ-ਦਲੀਲ ਆਸਰੇ ਮੰਨ ਸਕਦਾ ਹੈ ?

ਹਰੀ-ਨਾਮ-ਅੰਮ੍ਰਿਤ ਦੇ ਅਥਾਹ ਸਰੋਵਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਤਾਂ ਕੱਖਾਂ ਦੀ ਕੁੱਲੀ ਨੂੰ ਵੀ ਹਰੀਮੰਦਰ ਬਣਾ ਦਿੰਦਾ ਹੈ, ਪਰ ਕੀ, ਨਾਮ ਤੋਂ ਬਿਨਾਂ ਸੋਨੇ ਦੇ ਮਹਿਲਾਂ ਨੂੰ ਵੀ ਸਤਿਗੁਰਾਂ ਨੇ ਉਜਾੜ ਨਹੀਂ ਮੰਨਿਆ ਜੀ ?-- **ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥ ਸੇ ਅਸਥਨ ਸੋਇਨ ਚਉਬਾਰੇ ॥ ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ ॥ ੧ ॥** ਸਨਮਾਨਤ ਸਿੰਘ ਸਾਹਿਬ ਜੀਓ ! ਹਿਰਦੇ ਅੰਦਰੇ ਤਖ਼ਤ ਬਣਾਈ ਬੈਠੇ ਅਕਾਲਪੁਰਖ ਜੀ ਦੀ ਹਜ਼ੂਰੀ ਵਿਚ ਖਲੋ ਕੇ ਸੱਚ ਸੱਚ ਲਿਖ ਭੇਜਣ ਦਾ ਉਪਕਾਰ ਕਰ ਦਿਉ-- ਕਿ, ਕਥਾ- ਕੀਰਤਨ ਅਤੇ, ਹਰੀ ਨਾਮ ਦੇ ਜਾਪ ਦੀਆਂ ਘਣਘੋਰਾਂ ਦੇ ਆਸਰੇ ਜਿਸ ਅਸਥਾਨ ਦਾ ਵਿਖਾਵਾ ਵਡੇ ਧਰਮ ਅਸਥਾਨਾ ਵਾਲਾ ਹੋਵੇ ਪਰ ਅਸਲ ਵਿਚ ਉਹ ਥਾਂ ਗੰਭੀਰ ਲੁੱਟ ਦਾ ਸਾਧਨ ਬਣਾ ਲਿਆ ਗਿਆ ਹੋਵੇ ਕੀ, ਉਸ ਨੂੰ ਵੀ ਰੱਬ ਦਾ ਘਰ ਹੀ ਮੰਨਿਆਂ ਜਾਵੇ ਜੀ ? ik, jW muV pRgt ho gey s`jx-T`gW dI hvylI ?

**੪)** ਸੰਕਿਆਂ ਦਾ ਦੂਜਾ ਪੱਖ--

(ੳ) ਬਠਿੰਡੇ ਦੇ ਡਾਕਟਰ ਸਾਹਿਬ (ਜੁਗਰਾਜ ਸਿੰਘ ਜੀ) ਦੇ ਨਾਲ ਦਾਸ ਦਮਦਮਾ ਸਾਹਿਬ ਜੀ ਦੇ ਦਰਸ਼ਨਾਂ ਲਈ ਉਦੋਂ ਕੁ ਪੁੱਜਾ ਸੀ ਜਦ ਅਜੇ ਗੁਰਦੁਆਰਾ ਸਾਹਿਬ ਦੇ ਹਾਲ ਦੇ ਅੰਦਰ ਹੀ ਛੋਟੇ ਰੂਪ ਵਾਲਾ (ਵੇਲਾ-ਟਪਾਊ ?) ਤਖ਼ਤ ਸਾਹਿਬ ਸਿਰਜਿਆ ਹੋਇਆ ਸੀ। ਤਖ਼ਤ ਸਾਹਿਬ ਦੇ ਸੇਵਾਦਾਰ ਜੀ ਨੇ ਸਾਨੂੰ ਇਕ ਮੋਹਰ **(Stamp)** ਦੇ ਦਰਸ਼ਨ ਕਰਾਏ ਅਤੇ ਸਮਝਾਇਆ ਕਿ--" ਇਸ ਮੋਹਰ ਦਾ ਏਥੋਂ ਪ੍ਰਾਪਤ ਹੋਣਾ ਸਿੱਧ ਕਰਦਾ ਹੈ ਕਿ ਦਸ਼ਮੇਸ਼ ਜੀ ਇਸ ਥਾਂ ਤੇ ਹੁਕਮਨਾਮੇ ਵੀ ਲਿਖਿਆ ਕਰਦੇ ਸਨ। ਸੋ, ਜਿਥੋਂ ਵੀ ਸਤਿਗੁਰੂ ਪਾਤਸ਼ਾਹ ਜੀ ਨੇ ਹੁਕਮ ਜਾਰੀ ਕੀਤਾ ਹੈ- ਖ਼ਾਲਸਾ ਪੰਥ ਨੇ ਉਸ ਥਾਂ ਨੂੰ ਤਖ਼ਤ ਮੰਨਿਆਂ ਹੈ"। ਸੇਵਾਦਾਰ ਜੀ ਨੇ ਤਖ਼ਤ ਸਾਹਿਬ ਦੀ ਜੋ ਵਿਆਖਿਆ ਸਮਝਾਈ ਕੀ, ਉਹ ਠੀਕ ਹੈ ਜੀ? ਕੀ, ਹੁਕਮ ਲਿਖੇ ਜਾਣ ਵਾਲੀ ਥਾਂ ਤਖ਼ਤ ਬਣ ਜਾਂਦਾ ਹੈ ਜੀ ?

(ਅ) ਜੇ ਏਹੀ ਸੱਚ ਹੈ ਤਾਂ, ਕੀ, ਮਹਾਂ ਬਲੀ ਸਤਿਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਜੀ ਦੀ ਸਿਰਜਣਾ ਕੇਵਲ ਫ਼ੁਰਮਾਨ ਜਾਰੀ ਕਰਨ ਲਈ ਹੀ ਕੀਤੀ ਸੀ ? ਫਿਰ ਕੀ ਕੀਰਤ ਪੁਰ ਸਾਹਿਬ ਨਿਵਾਸ ਕਰਦੇ ਸਮੇ ਸਤਿਗੁਰਾਂ ਨੇ ਕੋਈ ਵੀ ਹੁਕਮ ਨਹੀਂ ਸੀ ਲਿਖਿਆ ? ਕੀ, ਸਤਿਗੁਰਾਂ ਦੀ ਸਿਖਿਆ, ਉਨ੍ਹਾਂ ਦਾ ਉਪਦੇਸ਼, ਸਾਡੇ ਲਈ ਹੁਕਮ ਨਹੀਂ ਹੁੰਦਾ ਜੀ ?

(ੲ) ਜੇ ਹੁਕਮ ਜਾਰੀ ਹੋਣ ਵਾਲੇ ਥਾਂ ਤੇ ਤਖ਼ਤ ਬਣਾਏ ਜਾਣ ਦਾ ਅਸੂਲ ਹੁੰਦਾ ਤਾਂ, ਜੰਗ ਦੇ ਮੈਦਾਨ ਵਿਚ ਫੌਜਾਂ ਦੀ ਅਗਵਾਈ ਕਰਦੇ ਸਮੇਂ- ਸ਼ਾਹੀ ਰਥਾਂ ਤੋਂ, ਹਾਥੀਆਂ ਦੀਆਂ ਪਿੱਠਾਂ ਤੋ ਅਥਵਾਂ ਘੋੜਿਆਂ ਦੀਆਂ ਕਾਠੀਆਂ ਤੋਂ **ਕੀ,**-- ਰਾਜੇ, ਮਹਾਰਾਜੇ, ਅਤੇ ਫਿਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਥਵਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ--ਕਈ ਬੜੇ ਜ਼ਰੂਰੀ ਫ਼ੁਰਮਾਨ ਜਾਰੀ ਨਹੀਂ ਸਨ ਕਰਦੇ ਰਹੇ ? ਕੀ, ਫਿਰ ਉਹ ਥਾਂ ਵੀ ਤਖ਼ਤ ਹੀ ਨਹੀਂ ਸਨ ਮੰਨੇ ਜਾਣੇ ਚਾਹੀਦੇ ਜੀ ?

(ਸ) ਜੇ ਹੁਕਮ ਲਿਖੇ ਜਾਣ ਵਾਲੀ ਥਾਂ ਤੇ ਤਖ਼ਤ ਸਿਰਜਿਆ ਜਾਣ ਦਾ ਸਿਧਾਂਤ ਸੀ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ **ਕੀ,** ਸਭ ਤੋਂ ਸ੍ਰੇਸ਼ਟ **ਹੁਕਮ** ਨਹੀਂ ਹਨ ਜੀ ?

--" **ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ** " ਇਸ ਕੀਟ ਨੂੰ ਸਮਝਾ ਦੇਣ ਦੀ ਮਿਹਰ ਕਰ

ਭੇਜੋ ਕਿ," ਰਾਮਸਰ ਸਰੋਵਰ", ਜਿੱਥੇ ਪੰਚਮ ਪਾਤਿਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ-ਰੂਪ--**ਹੁਕਮਾਉ** ਦੀ ਸਿਰਜਣਾ ਸੰਪਾਦਨਾ--ਕੀਤੀ ਸੀ-- ਉਸ ਥਾਂ ਤੇ ਮਹਾਨ ਤਖ਼ਤ ਕਿਸ ਦਲੀਲ ਨਾਲ ਨਾ ਸਿਰਜਿਆ ਗਿਆ ?

(ਹ) ਇਤਿਹਾਸਕ ਤੱਥਾਂ ਤੋਂ ਸਪੱਸ਼ਟ ਹੈ, ਕਿ ਪਟਨਾ ਸਾਹਿਬ ਵਿਖੇ ਜਿਸ ਥਾਂ ਪਾਵਨ ਤਖ਼ਤ ਸਾਹਿਬ ਜੀ ਸਸ਼ੋਭਤ ਹਨ, ਉਸ ਪਾਵਨ ਥਾਂ ਤੇ ਸ੍ਰੀ ਗੁਰੂ ਨਾਨਕ ਸਾਹਿਬ ਦੀ ਜੋਤਿ ਜੁਗਤਿ ਮਾਲਕ ਕਿਸੇ ਵੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਕੋਈ ਫ਼ੁਰਮਾਨ ਕਦੇ ਨਹੀਂ ਸੀ ਲਿਖਿਆ। ਕੀ, ਇਸ ਤੋਂ ਤਖ਼ਤ ਦੀ ਸਿਰਜਣਾ ਲਈ ਹੁਕਮ ਲਿਖੇ ਜਾਣ ਵਾਲੇ ਨਿਯੱਮ ਦੀ ਗੱਲ ਝੂਠ ਨਹੀਂ ਬਣ ਜਾਂਦੀ ਹੈ ਜੀ ?

**ਨਾਲ ਹੀ ਇਹ ਭਰਮ ਵੀ ਦੂਰ ਕਰ ਦਿਉ ਕਿ, ਆਪਣਾ ਬਰਕਤਾਂ ਵਾਲਾ ਅਝੁੱਕ ਸੀਸ ਨਿਵਾ ਕੇ ਆਪਣੀ ਥਾਂ ਜਿਸ ਅਨੁਪਮ (ਸ੍ਰੀ ਗੁਰੂ) ਗ੍ਰੰਥ ਸਾਹਿਬ ਨੂੰ ਗੁਰਿਆਈ ਸੌਂਪੀ, ਜਿਸ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ ਸਦੀਵੀ ਮਾਲਕ ਦਸ਼ਮੇਸ਼ ਜੀ ਨੇ ਆਪ ਬਣਾਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਗ-ਪਗ ੧●● ਸਾਲ ਦੀ ਮੌਜੂਦਗੀ ਤੋਂ ਸ੍ਰੀ ਦਮਦਮਾ ਸਾਹਿਬ ਜੀ ਦਾ ਜਿਹੜਾ ਅਸਥਾਨ "ਤਖ਼ਤ " ਨਾ ਬਣਿਆ, ਉਹ ਧਾਤ ਦੀ ਬਣੀ ਨਿਰਜਿੰਦ ਮੋਹਰ ਤੋਂ ਇਕ ਦਮ ਗੁਰੂ ਦੁਆਰੇ ਤੋਂ ਤਖ਼ਤ ਕਿਸ ਦਲੀਲ ਨਾਲ ਬਣ ਗਿਆ ?**

**੫)** ਜੇ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ ਮਾਲਕ ਸਤਿਗੁਰੂ ਜੀ ਦੇ ਜਨਮ ਅਸਥਾਨ ਨੂੰ ਤਖ਼ਤ ਬਣਾਏ ਜਾਣ ਦਾ ਸਿਧਾਂਤ ਮੰਨ ਲਿਆ ਜਾਵੇ, ਤਾਂ ਅਜੇਹਾ ਪਰਮ ਪਾਵਨ ਅਸਥਾਨ ਕੇਵਲ ਅਤੇ ਕੇਵਲ ਨਨਕਾਣਾ ਸਾਹਿਬ ਹੀ ਹੈ। [ਨੋਟ--ਸ੍ਰੀਮਾਨ ਪੰਥ ਰਤਨ ਵਿਦਿਆਮਾਰਤੰਡ ਸੰਤ ਗਯਾਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੇ ਗੁਰਬਾਣੀ ਪਾਠ ਦਰਸ਼ਨ ਗ੍ਰੰਥ ਦੇ ੧੩ ਸਫ਼ੇ ਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਬਾਰੇ =**ਗੱਦੀ ਸਮਾਂ--- ਆਦਿ ਤੋਂ ਹੀ ਗੁਰੂ ਸਰੂਪ ਪ੍ਰਗਟੇ**---ਲਿਖਿਆ ਹੈ । ੧੪ ਤੋ ੨੨ ਸਫ਼ੇ ਤੱਕਂ ੯ ਗੁਰੂ ਸਾਹਿਬਾਨ ਨੂੰ ਗੁਰਿਆਈ ਮਿਲਣ ਦੀ ਬਾਕਾਇਦਾ ਸੰਮਤ ਅਤੇ ਤਾਰੀਖ਼ ਲਿਖੀ ਹੋਈ ਹੈ ] ਲਗ-ਪਗ ਸਾਰੇ ਇਤਿਹਾਸ-ਕਾਰਾਂ ਨੇ ਦਸ ਸਤਿਗੁਰਾਂ ਵਿਚੋਂ ਕੇਵਲ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਹੀ ਜਨਮ-ਸਿੱਧ ਗੁਰੂ ਲਿਖਿਆ ਹੈ। ਬਾਕੀ ਸਾਰੇ (ਬਾਬਾ ਲਹਿਣਾ ਜੀ ਦੇਵੀ ਦੀ ਪੂਜਾ ਤਿਆਗ ਕੇ ਅਤੇ ਬਾਬਾ ਅਮਰਦਾਸ ਜੀ ਗੰਗਾ-ਮੱਯਾ ਦੀ ਪੂਜਾ ਭੁੱਲ ਕੇ) ਗੁਰੂ ਨਾਨਕ ਸਾਹਿਬ ਜੀ ਦੇ ਘਰ ਦੇ ਟਹਿਲੂਏ ਸਿਦਕੀ ਸਿੱਖ ਬਣੇ ਸਨ। ਭਾਵ ਦਸ਼ਮੇਸ਼ ਜੀ ਤੱਕ ਗੁਰਿਆਈ ਪ੍ਰਾਪਤ ਹੋਣ ਦੇ ਉਪ੍ਰੰਤ ਹੀ ਗੁਰੂ ਨਾਨਕ ਸਾਹਿਬ ਦੀ ਜੋਤਿ ਜੁਗਤਿ ਦੇ ਮਾਲਕ ਪੂਰਨ ਸਤਿਗੁਰੂ ਬਣਦੇ ਰਹੇ ਸਨ। ਪਹਿਲਾਂ ਸਤਿਗੁਰਾਂ ਦੇ ਸਾਹਿਬਜ਼ਾਦੇ ਵੀ ਗੁਰੂ ਸਿੱਖਾਂ ਦੇ ਗੁਰੂ-ਭਾਈ ਹੀ ਸਨ । ਸਪੱਸ਼ਟ ਹੈ ਕਿ ਪਟਨਾ ਸਾਹਿਬ ਵਿਖੇ ਬਣੇ ਪਾਵਨ ਤਖ਼ਤ ਤੋਂ ਇਹ ਦੂਜਾ ਸਿਧਾਂਤ ਵੀ ਗ਼ਲਤ ਸਿੱਧ ਹੁੰਦਾ ਹੈ।

**੬)** ਦਸ਼ਮੇਸ਼ ਜੀ ਦੇ ਹੀ ਪਾਵਨ ਅਸਥਾਨ ਦੇ ਬਿਰਾਜਮਾਨ--ਹੇ ਸਤਿਕਾਰੇ ਹੋਏ ਸਿੰਘ ਸੋਹਿਬ ਜੀਓ ! ਕਲਗ਼ੀਧਰ ਜੀ ਦੇ ਹੀ ਚਰਨਾਂ ਦਾ ਧਿਆਨ ਧਰ ਕੇ ਸੱਚ ਸੱਚ ਲਿਖੋ ਕਿ, **ਕੀ**, ਚਾਰੇ ਤਖ਼ਤ ਦਸ਼ਮੇਸ਼ ਜੀ ਦੇ ਨਾਮ ਨਾਲ ਜੁੜੀਆਂ ਥਾਵਾਂ ਤੇ ਬਣਾਏ ਜਾਣ ਦਾ ਕੇਵਲ ਮਾਤ੍ਰ ਕਾਰਨ ਏਹੀ ਨਹੀਂ ਹੈ ਕਿ, ਅਸੀਂ ਜ਼ਬਾਨੀ ਭਾਵੇਂ ਦਸ਼ਮੇਸ਼ ਜੀ ਨੂੰ ਦਸਵੇਂ ਗੁਰੂ ਨਾਨਕ ਜੀ ਹੀ ਕਹਿ ਰਹੇ ਹਾਂ, ਪਰ ਇਸ ਵਿਚ ਜ਼ਰਾ ਵੀ ਅਤਿ-ਕਥਨੀ ਨਹੀਂ ਕਿ, ਲਗ-ਪਗ ਸਾਰੇ ਸਿੱਖ ਜਗਤ ਨੇ ਵਾਸਤਵ ਵਿੱਚ, ਦਸ਼ਮੇਸ਼ ਜੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੀ ਮੁਥਾਜੀ ਤੋਂ ਮੁਕਤ, ਧੁਰੋਂ ਸ਼ਕਤੀਆਂ ਦੇ ਮਾਲਕ ਬਣ ਕੇ ਅਕਾਲਪੁਰਖ ਦੀ ਨਿੱਜੀ ਅਸ਼ੀਰਵਾਦ ਲੈਣ ਉਪ੍ਰੰਤ **ਨਵਾਂ ਪੰਥ ਚਲਾਉਣ ਆਏ ਹੀ ਹਿਰਦੇ ਤੋਂ ਮੰਨ ਲਿਆ ਹੋਇਆ ਹੈ।**

**੭)** ਤੁਸੀਂ ਭਲੀ ਭਾਂਤੀ ਜਾਣਦੇ ਹੀ ਹੋ ਕਿ, ਜਨੇਊ ਪਾਉਣ ਤੇ ਵਰਤੇ ਸਾਕੇ ਵਾਲੇ ਦਿਨ ਤੋਂ ਬ੍ਰਾਹਮਣ ਵਰਗ, ਸਤਿਗੁਰੂ ਨਾਨਕ ਸਾਹਿਬ ਜੀ ਦੀ ਜਾਨ ਦਾ ਵੈਰੀ ਬਣ ਖਲੋਤਾ ਸੀ। ਫਿਰ ਇਹ ਵੀ ਸੱਚ ਹੈ ਕਿ, ਬਟਾਲੇ ਵਿਖੇ ਸ਼ਾਦੀ ਸਮੇ ਬ੍ਰਾਹਮਣਾਂ ਨੇ ਰਲ ਕੇ ਸਤਿਗੁਰਾਂ ਤੇ ਜਾਨ-ਲੇਵਾ (ਕੰਧ ਹੇਠ ਦੇਣ ਦੇ ਯਤਨਾ ਵਾਲਾ) ਵਾਰ ਵੀ ਕੀਤਾ ਸੀ। ਸਿਆਸੀ ਕਹਿਰ ਦੇ ਵਿਰੁੱਧ ਜੂਝਦੇ ਖ਼ਾਲਸਾ ਜੀ ਨੂੰ ਜੰਗਲਾਂ ਅਤੇ ਮਾਰੂ ਥਲਾ ਵਿਚ ਸਿਰਲੁਕਾਈ ਕਰਨੀ ਪੈ ਗਈ ਤਾਂ (ਪੰਚਮ ਪਾਤਸ਼ਾਹ ਜੀ ਦੀ ਕਿਰਪਾ ਦਾ ਸਦਕਾ ਗੁਰਬਾਣੀ ਵਿਚ ਰਲੇ ਪਾਉਣ ਤੋਂ ਅਸਮਰੱਥ ਰਹਿ ਜਾਣ ਤੋਂ ਚਿੜਿਆ ਹੋਇਆ) ਬ੍ਰਾਹਮਣ ਰੰਗ ਰੰਗ ਭੇਖ (ਉਦਾਸੀ--ਨਿਰਮਲੇ--ਸੰਪਰਦਾਈਏ-ਡੇਰਾਵਾਦੀਏ-ਮਹਾਂਪੁਰਖ--ਮਹੰਤ ਆਦਿ) ਧਾਰ ਕੇ ਸਾਡੇ ਧਰਮ ਅਸਥਾਨਾਂ ਦਾ ਸੰਚਾਲਕ ਸਾਡਾ ਧਰਮ-ਆਗੂ ਆ ਬਣਿਆਂ। ਅਤੇ ਇਸ ਕੁਟਲ ਬ੍ਰਾਹਮਣ ਨੇ ਪੰਥ ਵਿਚ ਅਜੇਹੀ ਮਰਯਾਦਾ ਨੂੰ ਗੁਰਮਤਿ ਬਣਾ ਦਿੱਤਾ ਜਿਸ ਤੋਂ ਲਗ-ਪਗ ਸਾਰਾ ਪੰਥ ਗੁਰੂ ਬਾਣੀ ਦੇ ਗਿਆਨ ਤੋਂ ਅਣਜਾਣ ਰਹਿਣਾ ਧਰਮ ਮਨ ਕੇ ਸੰਤੁਸ਼ਟ ਹੋ ਬੈਠਾ ? ਸਾਡੀ ਅਗਿਆਨਤਾ ਦੇ ਕਾਰਨ ਇਹ ਕੁਟਲ ਪ੍ਰੋਹਿਤ ਨਿਰਭੈ ਹੋ ਕੇ ਸਾਡੇ ਮਨਾਂ ਵਿਚੋਂ--**ਜੋਤਿ ਓਹਾ ਜੁਗਤਿ ਸਾਇ....**ਗੁਰਮਤ ਸਿਧਾਂਤ ਪ੍ਰਤੀ ਬਣੀ ਸ਼ਰਧਾ ਨੂੰ ਢਿੱਲਾ ਕਰਨ ਵਾਲੇ ਗ੍ਰੰਥ ਲਿਖ ਲਿਖ ਕੇ ਸਾਡੇ ਧਰਮ ਦਾ ਹਿੱਸਾ ਬਣਾਉਂਦਾ ਗਿਆ। ਆਖ਼ਰ ਅਸੀਂ ਬ੍ਰਾਹਮਣੀ ਮਾਇਆ ਜਾਲ ਵਿਚ ਅਜੇਹੇ ਫਸ ਗਏ ਕਿ, ਅਪਣੇ ਵੈਰੀ ਦੀਆਂ ਸੱਧਰਾਂ ਪੂਰੀਆਂ ਕਰਨ ਨੂੰ ਗੁਰਮਤਿ ਮੰਨ ਬੈਠੇ । ਹੁਣ ਸੁਹਿਰਦਤਾ ਨਾਲ ਵਿਚਾਰ ਕੇ ਸੱਚ ਦਸੋ ਕਿ,--**ਕੇਵਲ ਦਸ਼ਮੇਸ਼ ਜੀ ਦੇ ਹੀ ਜੀਵਨ ਇਤਿਹਾਸ ਅਥਵਾ ਮਿਥਿਹਾਸ ਨਾਲ ਜੁੜੀਆਂ ਥਾਂਵਾਂ ਤੇ ਚਾਰੇ ਤਖ਼ਤ ਬਣਾ ਕੇ** ਅਸੀਂ ਸਾਰੇ ਸਿੱਖ-- **ਇਸ ਇਲਜ਼ਾਮ ਤੋ >---ਕਿ " ਦਸਾਂ ਗੁਰੂ ਸਾਹਿਬਾਨ ਨੂੰ ਇੱਕ ਹੀ ਜੋਤਿ ਜੁਗਤਿ ਦੇ ਮਾਲਕ ਹੋਣ ਦਾ ਢੰਡੋਰਾ ਦੇਣ ਵਾਲੇ ਇਨ੍ਹਾਂ ਸਿੱਖਾਂ ਨੇ-- ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਬਾਕੀ ਗੁਰੂ-ਸਰੂਪਾਂ ਦੀ ਅਨੂਪਮ ਮਹਾਨਤਾ ਵੱਲ ਵਾਸਤਵ ਵਿਚ, ਪੰਥਕ ਤੌਰ ਤੇ ਪਿੱਠ ਕਰ ਲਈ ਹੋਈ ਹੈ ? ਇਨ੍ਹਾਂ ਦੁਬਾਜਰਿਆਂ ਦਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਮੁੱਚੇ (੧੧ਵੇਂ ਸਰੂਪ ਤੱਕ) ਸਰੂਪ ਨਾਲ ਦਿਲੋਂ ਇਕਸਾਰ ਪਿਆਰ ਅਤੇ ਸ਼ਰਧਾ ਬਿਲਕੁਲ ਨਹੀਂ ਹੈ--<** ਕਿਸ ਅਕੱਟ ਦਲੀਲ ਨਾਲ ਬਚ ਸਕਦੇ ਹਾਂ **ਜੀ ?"**

ਕੀ, ਦਾਸ ਦੇ ਹਿਰਦੇ ਵਿਚ ਉਪਜਿਆ ਇਹ ਭੈ ਕਿਸੇ ਗੁਰਮਤਿ-ਦਲੀਲ ਨਾਲ ਨਿਰਮੂਲ ਸਿੱਧ ਕਰੋਗੇ ਕਿ--ਸਾਡੇ ਮਨ ਵਿਚ ਕੁਝ ਹੋਰ ਹੈ ਅਤੇ ਅਸੀਂ ਕੁਹਿੰਦੇ ਕੁਝ ਹੋਰ ਹਾਂ। ਆਪਣੇ ਆਪ ਵਿਚ ਗੁਰੂ ਬਣੀ ਬੈਠਾ ਖ਼ਾਲਸਾ ਪੰਥ, ਸ੍ਰੀ ਗੁਰੂ-ਗ੍ਰੰਥ ਸਾਹਿਬ ਲਈ ਕੀ, ਕੱਚਾ ਅਥਵਾ ਬੇਇਤਬਾਰਾ

ਨਹੀਂ ਬਣ ਚੁੱਕਿਆ ਹੋਇਆ ਜੀ ?--**ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥ ਜਿਨ੍ ਮਨ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥** ਲੋਕ ਵਿਖਾਵੇ ਲਈ ਸਿੰਘ ਬਣੇ ਬੈਠੇ ਸਾਨੂੰ ਅੰਮ੍ਰਿਤ-ਧਾਰੀਆਂ ਨੂੰ ਸਿੱਖ ਮੰਨਣਾ ਤਾਂ ਕਿਤੇ ਰਿਹਾ, ਦਸਮ ਸਤਿਗੁਰੂ ਨਾਨਕ ਸਾਹਿਬ--ਸ੍ਰੀ ਕਲਗ਼ੀਧਰ ਪਾਤਸ਼ਾਹ ਜੀ ਤਾਂ ਸਾਨੂੰ **ਪੂਰੇ ਮਰਦ** ਅਥਵਾ **ਮਨੁੱਖ** ਵੀ ਨਹੀਂ ਮੰਨ ਰਹੇ -- **ਹਮੂੰ ਮਰਦ ਬਾਇਅਦ ਸ਼ਵਦ ਸੁਖ਼ਨਵਰ ॥ ਨਾ ਸ਼ਿਕਮੇ ਫਿਗਰ ਦਰ ਦਹਾਨੇ ਦਿਗਰ ॥** (ਜ਼ਫ਼ਰ ਨਾਮਹਿ)

**੮)** ਕਿੰਤੂ-ਪ੍ਰੰਤੂਆਂ ਤੋਂ ਰਹਿਤ ਗੁਰੂ ਇਤਿਹਾਸ ਦੀ ਕਸਵੱਟੀ ਤੇ ਇਹ ਦਲੀਲ ਵੀ ਨਿਰਮੂਲ ਹੋ ਨਿਬੜਦੀ ਹੈ ਕਿ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਦੀ ਸਲਾਹ ਲਈ ਤਖ਼ਤਾਂ ਦੇ ਜਥੇਦਾਰਾਂ ਦੀ ਲੋੜ ਸੀ । ਕਿਉਂਕਿ ਸੰਮਤ ੧੭੬੫ ਵਿਚ ਦਸ਼ਮੇਸ਼ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ (ਗੁਰਬਖ਼ਸ਼ ਸਿੰਘ) ਨੂੰ ਗੁਰਮਤਿ ਮਸ਼ਵਰੇ ਦੇਣ ਲਈ, ਬਾਬਾ ਬਿਨੋਧ ਸਿੰਘ, ਕਾਨ੍ਹ ਸਿੰਘ, ਬਾਜ ਸਿੰਘ, ਬਿਜੈ ਸਿੰਘ ਅਤੇ ਰਾਮ ਸਿੰਘ **ਪੰਜ ਸਿੰਘਾਂ ਨੂੰ** ਨਾਲ ਭੇਜਿਆ ਸੀ। ਏਧਰ ਸ੍ਰੀ ਅਕਾਲਤਖ਼ਤ ਸਾਹਿਬ ਸਮੇਤ ਪਹਿਲਾਂ ਕੁੱਲ ਚਾਰ ਹੀ ਤੱਖ਼ਤ ਰਹੇ ਹਨ। ਅਤੇ ਹੁਣ ਅਜੋਕੇ ਜਥੇਦਾਰ ਸਾਹਿਬ ਨੇ ਇਨ੍ਹਾਂ ਚੌਹਾਂ ਸਿੰਘ ਸਾਹਿਬਾਨ ਦੀ ਲੋੜ ਮੁਕਾ ਕੇ, ਆਪਣੀ ਪਸੰਦ ਦੇ ਚਾਰ ਅੰਮ੍ਰਿਤਧਾਰੀ ਸਿੰਘਾਂ ਨੂੰ ਰਲਾ ਕੇ ਹੁਕਮਨਾਮੇ ਜਾਰੀ ਕਰਨੇ ਅਰੰਭ ਕਰ ਦਿੱਤੇ ਹੋਏ ਹਨ। ਚੌਹਾਂ ਜਥੇਦਾਰ ਸਾਹਿਬਾਨ ਸਮੇਤ ਸਾਰੇ ਪੰਥ ਵਿਚੋਂ ਇਸ ਨਵੀਂ ਮਰਯਾਦਾ ਨੂੰ ਗੁਰਮਤਿ ਵਿਰੋਧੀ ਦੱਸ ਕੇ ਜਾਰੀ ਹੋ ਰਹੇ ਹੁਕਮਨਾਮਿਆਂ ਨੂੰ ਵਿਅਰਥ ਮੰਨ ਲੈਣ ਲਈ ਦੀ ਗੱਲ ਕਿਸੇ ਦੇ ਮੂੰਹੋਂ ਨਹੀਂ ਨਿਕਲੀ।

***ਸਨਮਾਨਤ ਸਿੰਘ ਸਾਹਿਬ ਜੀਓ !*** ਤੁਸੀਂ ਜਾਣਦੇ ਹੀ ਹੋ ਕਿ ਪੰਜਾਬੋਂ ਬਾਹਰ ਦੇ ਦੋ ਤਖ਼ਤ ਸਾਹਿਬਾਂ ਵਿਚ ਅਜੇਹੀ ਭਰਮਾਂ ਗ੍ਰਸੀ ਮਰਯਾਦਾ ਪਰਚਲਤ ਹੈ ਜਿਸ ਤੋਂ ਖ਼ਾਲਸਾ ਬਣਨ ਨਾਲੋਂ ਹਿੰਦੂ ਬਣਨ ਦੀ ਪ੍ਰੇਰਨਾ ਵੱਧ ਮਿਲਦੀ ਹੈ। ਤਾਹਾਡਾ ਹਾਲ ਇਹ ਹੈ ਕਿ ਤੁਸੀ ਕਿਸੇ ਨੂੰ ਗੁਰਮਤਿ ਬਾਰੇ ਕੋਈ ਸੇਧ ਲਿਖ ਭੇਜਣ ਵਿਚ ਆਪਣੀ ਹੇਠੀ ਮੰਨਦੇ ਹੋ । ਕੀ, ਕਿਸੇ ਅਸਥਾਨ ਦੀ **ਪਵਿੱਤ੍ਰਤਾ** ਅਥਵਾ **ਮੁਹੱਤਤਾ**, ਸ੍ਰੀ ਗੁਰੂ ਨਾਨਕ ਸਾਹਿਬ ਦੇ ਸਦੀਵੀ ਪ੍ਰਕਾਸ਼, ਪ੍ਰਭੂ-ਨਾਮਾ-ਅੰਮ੍ਰਿਤ ਦੇ ਅਥਾਹ ਸਾਗਰ, ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਨਿਵਾਸ ਅਸਥਾਨ, ਗੁਰੂ-ਸ਼ਬਦ ਵਿਚਾਰ ਦਾ ਸੋਮਾਂ ਹੋਣ ਦੇ ਕਾਰਨ ਨਹੀਂ ਸੀ ਵਧੀ, ਸਗੋਂ ਉਸ ਨੂੰ ਤ**ਖ਼ਤ ਸਾਹਿਬ** ਘੋਸ਼ਤ ਕਰ ਦੇਣ ਨਾਲ ਹੀ ਚਾਰ-ਚੰਦ ਲੱਗੇ ਸਨ ਜੀ ? ਇਸ ਭਰਮ ਨੂੰ ਗੁਰਮਤਿ ਵਿਰੋਧੀ ਕਿਵੇਂ ਸਿੱਧ ਕਰੋਗੇ, ਕਿ--" **ਇਨ੍ਹਾਂ ਚੌਹਾਂ ਇਤਿਹਾਸਕ ਥਾਂਵਾਂ ਨੂੰ ਗੁਰੂ ਦੁਆਰੇ ਦੀ ਥਾਂ ਤਖ਼ਤ ਘੋਸ਼ਤ ਕਰਨਾ, ਸਿਆਸੀ ਪੈਂਤੜੇਬਾਜ਼ੀ ਦਾ ਚਮਤਕਾਰ ਹੈ।** " ਕੀ ਸੱਚ ਲਿਖਣ ਦਾ ਹੌਸਲਾ ਕਰ ਸਕਦੇ ਹੋ ਜੀ ?--ਸਿਵਾਏ ਕਿਰਤੀ ਗ਼ਰੀਬਾਂ ਦੀ ਲਹੂ-ਪਸੀਨੇ ਦੀ ਨੇਕ ਕਮਾਈ ਤੇ ਮੌਜਾਂ ਮਾਣਦੇ ਰਹਿਣ ਲਈ ਲੋਕਾਂ ਨੂੰ ਵੱਧ ਤੋਂ ਵੱਧ ਭਰਮੀ ਬਾਣਾਈ ਰੱਖਣ ਦੀ ਸੇਵਾ ਦੇ, ਇਹ (ਚਾਰੇ) ਸਿੰਘ ਸਾਹਬਾਨ ਗੁਰਸਿੱਖਾਂ ਨੂੰ ਗੁਰਮਤਿ ਤੋਂ ਜਾਣੂੰ ਕਰਾਉਣ ਲਈ ਕੀ ਕਰਦੇ ਹਨ? -- ਪੂਜਾ ਭੇਟਾ ਦੇ ਧਾਨ ਬਾਰੇ-- **ਭਾਈ ਗੁਰਦਾਸ ਜੀ** ਦਾ ਕਥਨ--ਵਾਰ ੩੫ ---

**ਜਿਉ ਮਿਰਜਾਦਾ ਹਿੰਦੂਆਂ ਗਊ ਮਾਸ ਅਖਾਜੁ । ਮੁਸਲਮਾਣਾ ਸੂਅਰਹੁ ਸਉਗੰਦ ਵਿਆਜੁ ।**
**ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ । ਸਹਾ ਨ ਖਾਈ ਚੂਹੜਾ ਮਾਇਆਮੁਹਤਾਜੁ ।**
**ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ । ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ । ੧੨ ।**

ਰੁਹਤਨਾਮਾ ਭਾਈ ਦੇਸਾ ਸਿੰਘ

**ਰਹਤਵੰਤ ਸਿੱਖ ਹੈ ਸੋਈ । ਕਰ ਉਪਾਇ ਧਨ ਖਾਟੈ ਜੋਈ ।**
**ਤਾਂਹੀ ਕਰ ਘਰ ਕੋ ਨਿਰਬਹੈ । ਪੂਜਾ ਭੂਲ ਨ ਕਬਹੂੰ ਗਹੈ।੭੧।**

ਪੰਜਾਂ ਪਾਵਨ ਤਖ਼ਤਾਂ ਦੇ ਸਿੰਘ ਸਾਹਿਬਾਨ ਸਮੇਤ ਅਜੋਕੀ ਸਮੁੱਚੀ ਜਥੇਦਾਰੀ ਨੇ ਤਾਂ ਸਗੋਂ ਦਾਨ ਪ੍ਰਥਾ-ਰੂਪ ਲੁੱਟ ਨੂੰ ਬੰਦ ਕਰਕੇ ਦਸਵੰਧ, ਦੇਂਦੇ ਰਹਿਣ ਵਾਲੀ ਗੁਰਮਤਿ ਮਰਯਾਦਾ ਚਾਲੂ ਕਰਨ ਦੀ ਲੋੜ ਹੀ ਮੁਕਾ ਦਿੱਤੀ ਹੋਈ ਹੈ। ਗੁਰਮਤਿ ਵਿਰੋਧੀ ਦਾਨ-ਲੁਟ ਵਿਚ ਵਾਧਾ ਕਰੀ ਰੱਖਣ ਲਈ ਗੁਰਮਤਿ ਵਿਰੋਧੀ ਕਈ ਤਰ੍ਹਾਂ ਦੀ ਮਰਯਾਦਾ ਚਾਲੂ ਕਰੀ ਰੱਖਣ ਵਿਚ ਬ੍ਰਾਹਮਣੀ ਮਾਇਆ ਜਾਲ ਨੂੰ ਵੀ ਮਾਤ ਕੀਤਾ ਜਾ ਰਿਹਾ ਹੈ। ਸ਼ਾਇਦ ਉਸੇ ਅਖਾਜ ਧਨ ਖਾਂਦੇ ਰਹਿਣ ਦਾ ਹੀ ਅਸਰ ਹੈ ਕਿ, ਸ੍ਰੀ ਗੁਰੂ ਗ੍ਰੰਥ ਸਾਹਿਬ, **ਆਪਣੇ ਅਨੂੰਪਮ ਇਸ਼ਟ** ਦੇ ਸੇਵਾਦਾਰਾਂ ਨੂੰ ਤਨਖਾਹੀਏ ਘੋਸ਼ਤ ਕਰਨ ਵਾਲੇ ਹੁਕਮਨਾਮੇ ਤੇ ਨਾ ਚਾਹੁੰਦੇ ਹੋਏ (ਵਾਕ ਆਊਟ ਨਾ ਕਰ ਸਕੇ ਸਗੋਂ) ਆਪਣੀ ਜ਼ਮੀਰ ਦੀ ਆਵਾਜ਼ ਦੇ ਵਿੱਰੁਧ (ਨਿਤਾਣੇ ਬੇਜ਼ਮੀਰੇ ਗੀਦੀਆਂ ਵਾਂਗ) ਪਹਿਲਾਂ ਦਸਤਖ਼ਤ ਕਰ ਲਏ ਅਤੇ ਫਿਰ ਆਪਣੇ ਇਨ੍ਹਾਂ ਲਿਖਤੀ ਬਚਨਾਂ ਤੋਂ ਪਿੱਛੇ ਹਟ ਗਏ। ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਦੀ ਪਦਵੀ ਤੇ ਹੁੰਦਿਆਂ ਅਜੇਹਾ ਗੁਰਮਤਿ ਵਿਰੋਧੀ ਕਰਮ ਕਰਕੇ--ਸਤਿਗੁਰਾਂ ਦੇ ਇਸ ਪਾਵਨ ਫ਼ੁਰਮਾਨ ਨੂੰ ਕੀ, **ਤੁਸਾਂ** ਬੇਲੋੜਾ ਸਿੱਧ ਨਾ ਕਰ ਦਿੱਤਾ ਜੀ ? " **ਬਚਨੁ ਕਰੇ ਤੈ ਖਿਸਕਿ ਜਾਇ ਬੋਲੈ ਸਭੁ ਕਚਾ ॥** ' (" **ਸੁਭ ਕਚਾ** " ਭਾਵ,--ਸਭ ਝੂਠ ਜੀ ਝੂਠ?) ਸਾਰੇ ਮਨੁੱਖ ਭੁੱਲਣ ਅੰਦਰ ਹਨ--ਭੁੱਲ ਹੋ ਜਾਣੀ ਮਨੁੱਖ ਦਾ ਭਾਗ ਹੈ--ਭੁੱਲ ਦਾ ਅਨੁਭਵ ਕਰ ਲੈਣੀ, ਚੰਗਿਆਈ ਦੀ ਨਿਸ਼ਾਨੀ ਹੈ। ਭੁੱਲ ਨੂੰ ਮੰਨ ਲੈਣਾ ਹਿਰਦੇ ਦੀ ਨਿਰਮਲਤਾ ਦਾ ਪ੍ਰਗਟਾਵਾ ਮੰਨਿਆਂ ਜਾਂਦਾ ਹੈ। ਪਰ ਭੁੱਲ ਤੋਂ ਮੁੱਕਰ ਹੀ ਜਾਣਾ? ਸਦਕੇ ਜਾਈਏ ਅਜੇਹੀ ਸਿੱਖੀ ਤੋਂ।.

ਵਡਾ ਦੁੱਖ ਇਹ ਹੈ ਕਿ ਤੁਹਾਡੇ ਵਲੋਂ ਇਹ ਸੁਣਿਆਂ ਜਾ ਰਿਹਾ ਹੈ ਕਿ, ਤੁਸੀਂ ਉਸ ਦੁਖਦਾਈ ਹੁਕਮਨਾਮੇ ਤੇ (ਜਿਸ ਨੂੰ ਸਿੰਘ ਸਾਹਿਬ ਰਣਜੀਤ ਸਿੰਘ ਰੇਡੀਉ ਤੇ ਦਿੱਤੇ ਭਾਸ਼ਨ ਸਮੇ ਬੜੀ ਗਰਜਣਾ ਵਾਲੀ ਸੁਰ ਵਿਚ ਲਹਿਰਉਂਦੇ ਰਹੇ ਸਨ) ਕੀਤੇ ਹੋਏ ਆਪਣੇ ਹਸਤ-ਅੱਖਰਾਂ ਤੋਂ ਉਂਜ ਹੀ ਇਨਕਾਰੀ ਹੋ। ਜਿਸ ਪਦਵੀ ਤੇ ਹੁੰਦਿਆਂ ਅਜੇਹੀ ਦੁਖਦਾਈ ਭੁੱਲ ਹੋਈ ਸੀ ਉਸ ਅਨੁਸਾਰ (ਸੁਹਿਰਦਤਾ ਅਤੇ ਸਵੱਛ ਜ਼ਮੀਰ ਵਾਲੀ) ਇਨਸਾਨੀਅਤ ਤਾਂ ਇਹ ਮੰਗ ਕਰਦੀ ਸੀ ਕਿ, ਪਸਚਾਤਾਪ ਵਜੋਂ ਇੱਕ ਦਮ ਤਿਆਗ ਪੱਤਰ ਦੇ ਦਿੱਤਾ ਜਾਂਦਾ। ਏਥੇ ਹੀ ਬੱਸ ਨਹੀਂ, ਤੁਸੀਂ ਸਿੰਘ ਸਾਹਿਬ ਰਣਜੀਤ ਸਿੰਘ ਜੀ ਵਲੋਂ ਲਾਏ ਜਾ ਰਹੇ ਗੰਭੀਰ ਦੋਸ਼ਾਂ ਨੂੰ ਝੂਠ ਸਿੱਧ ਕਰਨ ਲਈ ਕਈ ਤਰ੍ਹਾਂ ਦੀ ਬਿਆਨ ਬਾਜ਼ੀ ਕਰ ਰਹੇ ਸੀ। (**ਜਿਹੜਾ ਆਦੇਸ਼ ਕਦੇ ਕੇਵਲ ਜ਼ਰ-ਖ਼ਰੀਦ ਗ਼ੁਲਾਮਾਂ ਨੂੰ ਹੀ ਦਿੱਤਾ ਜਾਂਦਾ ਰਿਹਾ ਸੀ**), ਟੋਹੜਾ ਸਾਹਿਬ ਨੇ ਤੁਹਾਡੇ ਲਈ ਜਦ ਜ਼ਬਾਨ-ਬੰਦੀ ਦਾ ਹੁਕਮ ਸਾਦਰ ਫ਼ੁਰਮਾਇਆ ਤਾਂ ਤੁਸੀ ਸਾਹ ਘੁੱਟ ਲਿਆ ? ਭਲਾ, ਸੁੱਚੇ ਆਚਰਨ ਵਾਲਾ ਗੁਰਮੁਖਿ ਸ਼ੇਰ-ਮਰਦ, ਨਿੱਜੀ ਸੁਤੰਤਰਤਾ ਤੇ ਅਜੇਹਾ ਸੀਨਾ-ਜ਼ੋਰੀ ਵਾਲਾ ਡਾਕਾ ਕਿਵੇਂ ਸਹਾਰ ਸਕਦਾ ਸੀ ? ਕਿੱਡੀ ਦੁਖਦਾਈ ਘੜੀ ਆ ਬਣੀ ਹੈ ਕਿ, ਆਪਣੇ ਲਈ ਵੱਧ ਅਧਕਾਰਾਂ ਦੀ ਮੰਗ ਕਰ ਰਹੀ ਬਹਾਦਰ ਖ਼ਾਲਸਾ ਕੌਮ ਦੇ ਸਿੰਘ ਸਾਹਿਬ ਜੀ ਆਪਣੀ ਨਿੱਜੀ ਆਜ਼ਾਦੀ ਦੀ ਰਖਿਆ ਕਰਨ ਜੋਗ ਵੀ ਨਹੀਂ ਰਹੇ ਹੋਏ ? ਪਰ ਤੁਸੀ ਕਰ ਵੀ ਕੀ ਸਕਦੇ ਸਉ ? ਪੂਜਾ ਦਾ ਧਾਨ ਖਾਣ ਦੇ ਚਸਕੇ ਦੇ

ਕਾਰਨ ਤੁਹਾਨੂੰ ਇਹ ਮੱਖੀ ਵੀ ਨਿਗਲਨੀ ਪੈ ਗਈ। ਹੱਦ ਹੋ ਗਈ---ਕੌਮੀ ਵਿਕਾਰ ਦਾ ਸਿਰ ਨੀਵਾਂ ਕਰਨ ਵਾਲੇ ਅਜੇਹੇ ਕਾਰਨਾਮੇ ? ਪਾਵਨ ਤਖ਼ਤਾਂ ਦੇ ਸਿੰਘ ਸਾਹਿਬਾਨਾਂ ਵਲੋਂ ੩੦੦ ਸਾਲਾ ਪੁਰਬ ਤੇ ਖ਼ਾਲਸਾ ਕੌਮ ਲਈ ਕੀ, ਇਹ ਪੂਰਨੇ ਪਾਏ ਜਾ ਰਹੇ ਹਨ ਜੀ ?

**੧੦)** ਸਿੰਘ ਸਾਹਿਬ ਰਣਜੀਤ ਸਿੰਘ ਜੀ ਨੇ ਰੇਡੀਓ ਤੇ ਗਰਜਨਾਂ ਕਰਦਿਆਂ ਦੋਹਾਂ ਪਾਵਨ ਤਖ਼ਤਾਂ ਦੇ ਜਥੇਦਾਰ ਸਾਹਿਬਾਨ (ਤੁਸੀਂ ਅਤੇ ਸਿੰਘ ਸਾਹਿਬ ਕੇਵਲ ਸਿੰਘ ਜੀ) ਦਾ ਨਾਮ ਲੈ ਲੈ ਕੇ ਇਨ੍ਹਾਂ ਦਸਤਖ਼ਤਾਂ ਤੋਂ ਮੁੱਕਰ ਜਾਣ ਦੇ ਮਿਹਣੇ ਦਿੱਤੇ ਅਤੇ ਮਾਇਕ ਹੇਰਾਫੇਰੀ ਦੇ ਦੋਸ਼ ਲਾਏ । ਏਥੇ ਹੀ ਬੱਸ ਨਹੀਂ- ਲੰਗਰ ਵਿਚ ਪਈਆਂ ਕੁਰਸੀਆਂ ਦੀ ਗੱਲ ਕਰਦਿਆਂ ਉਸ ਗੁਰੂ ਦੁਆਰੇ ਦੀ ਸੋਭਾ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ-ਜੁਗਤਿ ਦੇ ਮਾਲਕ, ਖ਼ਾਲਸਾ ਪੰਥ ਦੇ ਅਨੂਪਮ ਇਸ਼ਟ, ਸ੍ਰੀ ਗੁਰੂ ਗੰਥ ਸਾਹਿਬ ਦੇ ਸੇਵਾਦਾਰਾਂ (--ਗ੍ਰੰਥੀ, ਰਾਗੀ, ਢਾਡੀ ਪਰਚਾਰਕ ਆਦਿ) ਨੂੰ ਤਨਖਾਹੀਏ ਸਮਝਣ ਦੇ ਆਦੇਸ਼ਾਂ ਦੁਆਰਾ ਸਤਿਗੁਰਾਂ ਦੀ ਘੋਰ ਨਿਰਾਦਰੀ ਕੀਤੀ। (ਪੰਥ ਦੇ ਧਨ ਤੇ ਮੌਜਾਂ ਮਾਣ ਰਹੇ) ਪਾਵਨ ਤਖ਼ਤਾਂ ਦੇ ਜਥੇਦਾਰ ਸਾਹਿਬਾਨਾਂ ਸਮੇਤ, ਪੰਥ ਵਿਚਲੇ ਸਾਰੇ ਧਰਮ ਆਗੂਆਂ ਨੇ, ਆਪਣੇ ਸਤਿਗੁਰਾਂ ਦੀ ਇਸ ਘੋਰ ਬੇਅਦਬੀ ਬਾਰੇ ਹਉਕਾ ਤੱਕ ਨਾ ਭਰਿਆ। (ਇਸ ਘੋਰ ਪਾਪ ਦੀ ਸਾਖੀ ਭਰ ਰਹੀ ਦਸੰਬਰ ੧੯੯੮ ਦੀ ਇੰਡੋ ਕੈਡੀਅਨ ਅਖ਼ਬਾਰ ਵਿਚ ਛਪੀ **ਚਿੱਠੀ**--ਅਤੇ ਉਸ ਦੁਖਦਾਈ ਭਾਸ਼ਨ ਦੀ ਟੇਪ ਨਿਰਸੰਦੇਹ ਤੁਸਾਂ ਵੀ ਪੜ੍ਹੀ-ਸੁਣੀ ਹੈ ) ।

**੧੧)** ਪੰਥ ਨੂੰ ਨਿਰੰਤਰ ਗੁਰਮਤਿ ਅਨੁਸਾਰ ਸੇਧਾਂ ਦੇਂਦੇ ਰਹਿ ਕੇ ਮਨੁੱਖਤਾ ਦੀ ਕਾਇਆਂ ਕਲਪ ਕਰਨ ਦੇ ਸਮਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ **ਗਿਆਨ** ਦੇ ਪਰਚਾਰ ਦਾ ਮਹਾਂਨ ਸੋਮਾ ਬਣਾਈ ਰੱਖਣ ਦੀ ਸੱਧਰ ਨਾਲ ਸਤਿਗੁਰਾਂ ਨੇ ਮਹਾਂਨ ਕੇਂਦਰੀ (ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲਤਖ਼ਤ ਸਾਹਿਬ ਦੇ ਅਦੁਤੀ ਸੁਮੇਲ ਵਾਲਾ) ਅਸਥਾਨ ਸਥਾਪਤ ਕੀਤਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਦਾ ਫ਼ੌਰੀ ਚਮਤਕਾਰ ਲੋਕਾਂ ਨੇ ਝਟ-ਪਟ ਹੀ ਵੇਖ ਲਿਆ ਸੀ। ਸਰਕਾਰੀ ਪਿਆਦੇ ਦੇ ਆਉਣ ਦੀ ਸੋ ਸੁਣਦਿਆਂ ਸਾਰ ਸਾਰੇ ਪਿੰਡ ਦੇ ਵਸਨੀਕ ਸਾਹ ਘੁਟ ਕੇ ਅੰਦਰੀਂ ਲੁਕ ਜਾਣਾ ਗਿੱਝ ਚੁੱਕੇ ਸਨ । ਪਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਛਤਰ-ਛਾਇਆ ਹੇਠ ਆਏ ਗੁਰਸਿੱਖਾਂ ਨੇ ਹੱਥਾਂ ਵਿਚ ਸ਼ਸਤ੍ਰ ਫੜ ਲਏ ਅਤੇ ਮੁਗਲ-ਸ਼ਾਹੀ ਫੌਜਾਂ ਨੂੰ ਚਾਰ ਵਾਰੀ ਬੁਥਾੜ ਭੰਨਵੀਂਆਂ ਭਾਜੜਾਂ ਪਾਈਆਂ। **ਇਸ ਦੋਹਰੀਆਂ--ਬਰਕਤਾਂ ਵਾਲੇ ਮਹਾਨ ਕੇਂਦਰ** ਦੀ ਮਹਾਨਤਾ ਸਾਰੇ ਸੰਸਾਰ ਲਈ ਤੀਰਥ ਅਸਥਾਨ ਬਣ ਚੁੱਕੀ ਹੋਣੀ ਸੀ, ਜੇ ਇਸ ਥਾਂ ਦੇ ਮੁਖ ਪ੍ਰਬੰਧਕ ਆਪਣੇ ਗੁਰਮਤਿ-ਫ਼ਰਜ਼ ਨੂੰ ਪਛਾਣੀ ਰੱਖਦੇ।

**੧੨)** ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਸਾਹਿਬ ਨੇ ਸੁਚੇਤ ਰਹਿੰਦਿਆਂ ਅਜੇਹੇ ਸੇਧ-ਪੱਤਰ ਜਾਰੀ ਕਰਦੇ ਰਿਹਾ ਕਰਨੇ ਸਨ, ਜਿਨ੍ਹਾਂ ਤੋਂ ਗੁਰਮਤਿ ਵਿਰੋਧੀ ਕਲਮ ਚਲਾਉਣ ਵਾਲਿਆਂ ਨੂੰ, ਅਥਵਾ ਪੰਥਕ ਮਰਯਾਦਾ ਦੇ ਹੁੰਦਿਆਂ ਆਪਣੀ ਨਿੱਜੀ ਮਰਯਾਦਾ ਬਣਾ ਬੈਠਣ ਵਾਲਿਆਂ ਨੂੰ ਸਿੱਧੇ ਗੁਰਮਤਿ ਗਾਡੀ ਰਾਹ ਤੇ ਤੁਰੇ ਰਹਿਣ ਦੀ **ਸੇਧ** ਅਥਵਾ **ਚਿਤਾਵਣੀ** ਨਾਲੋ ਨਾਲ ਮਿਲਦੀ ਰਹਿੰਦੀ। ਗੁਰੂ ਗ੍ਰੰਥ ਸਾਹਿਬ ਦੀ ਲਾਮਿਸਾਲ ਅਗਵਾਈ ਤੋਂ ਪੰਥ ਦੇ ਹਰ ਬੱਚੇ ਬੱਚੀ ਨੂੰ ਜਾਣੂੰ ਕਰਵਾਈ ਰੱਖਣ ਦੇ ਪ੍ਰਬੰਧ ਬਣਵਾਈ ਰਖਣਾ ਹਰਿਮੰਦਰ ਸਾਹਿਬ ਦੇ ਗ੍ਰੰਥੀ ਜੀ ਦਾ ਪਰਮੁੱਖ ਫ਼ਰਜ਼ ਬਣਿਆਂ ਰਹਿਣਾ ਚਾਹੀਦਾ ਸੀ । ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਮੁੱਖ ਸੇਵਾਦਾਰ ਜੀ, ਅਜੇਹੇ ਸੁਚੇਤ ਗੁਰਮੁਖਿ ਸੱਜਣ ਹੁੰਦੇ ਜਿਹੜੇ ਪੰਥ ਵਿਚ ਦਰਾੜ ਪੈਦਾ ਕਰਨ ਵਾਲੇ ਹਰ ਮਸਲੇ ਨੂੰ ਤੁਰੰਤ ਹੱਲ ਕਰਨ ਦੀ ਯੋਗਤਾ ਅਤੇ ਸਮਰਥਾ ਵਾਲੇ ਹੁੰਦੇ । ਪੰਥ ਵਿਚ ਇਕ ਸੁਰਤਾ, ਪੂਰਨ ਇਤਫ਼ਾਕ ਬਣਾਈ ਰੱਖਣਾ ਅਤੇ ਪੰਥ ਵਲੋਂ ਬਣੀ ਗੁਰਮਤਿ ਰਹਿਤ ਮਰਯਾਦਾ ਦੀ ਪਾਲਣਾ ਕਰਵਾਈ ਰੱਖਣ ਲਈ ਆਪ ਹਰ ਪੱਖੋਂ ਗੁਰਮਤਿ ਦੇ ਗਿਆਤਾ ਅਤੇ ਦੂਜਿਆਂ ਨੂੰ ਗੁਰਮਤਿ ਦੇ ਗਿਆਨੀ ਬਣਾਉਣ ਵਿਚ ਪੂਰੀ ਤਰ੍ਹਾਂ ਨਿਪੁੰਨ ਹੁੰਦੇ। ਇਨ੍ਹਾਂ ਦੋਹਾਂ ਪਦਵੀਆਂ ਤੇ, ਬੜੇ ਮਿਠਬੋਲੇ, ਹਰ ਤਰ੍ਹਾਂ ਦੀਆਂ ਧਾਰਮਿਕ ਅਤੇ ਸਮਾਜੀ ਉਲਝਣਾ ਨੂੰ ਬੜੇ ਸੁਚੱਜੇ ਢੰਗ ਨਾਲ ਸੁਲਝਾ ਕੇ ਪੰਥ ਵਿਚ ਭਰਾਤਰੀ ਪ੍ਰੇਮ-ਪਿਆਰ ਬਣਾਈ ਰੱਖਣ ਵਾਲੇ ਸੁਚੇਤ ਅਤੇ ਤਿਆਗੀ-ਵੈਰਾਗੀ ਸੁਭਾਵ ਅਤੇ ਨਿਰਮਾਣ ਵਤੀਰੇ ਵਾਲੇ ਗੁਰਮੁਖ ਸੱਜਣ ਹੋਣੇ ਜ਼ਰੂਰੀ ਸ਼ਰਤ ਬਣ ਗਈ ਹੁੰਦੀ। ਇਨ੍ਹਾਂ ਪਾਵਨ ਅਸਥਾਨਾਂ ਤੇ ਕੇਵਲ ਨਿਯੁਕਤੀ ਹੀ ਉਨ੍ਹਾਂ ਨੂੰ ਇੱਜਤ- ਮਾਣ ਵਾਲਾ ਬਣਾ ਦੇਣ ਦਾ ਕਾਰਨ ਨਹੀਂ ਸਮਝਿਆ ਜਾਣਾ ਚਾਹੀਦਾ ਸੀ, ਸਗੋਂ ਉਨ੍ਹਾਂ ਦੀ ਆਪਣੀ ਵਿਦਵਤਾ ਅਤੇ ਉਨ੍ਹਾਂ ਦਾ ਆਪਣਾ ਨਿਸ਼ਕਾਮ ਸੁਚੱਜਾ-ਸੇਵਾ-ਭਾਵ ਅਤੇ ਸਰਬ ਸਾਂਝਾ ਮਿੱਠਾ ਵਤੀਰਾ ਹੀ ਉਨ੍ਹਾਂ ਦੀ ਆਨ-ਸ਼ਾਨ ਅਤੇ ਇੱਜਤ-ਮਾਣ ਦਾ ਸਬੱਬ ਬਣਦਾ । ਤਿੰਨ ਸੌ ਸਾਲਾ ਸ਼ਤਾਬਦੀ ਤੇ ਗਿਆਨ ਵੰਡਣ ਦੇ ਵਿਸ਼ਾਲ ਪ੍ਰਬੰਧ [ਅਜੇਹੀ ਉਚੇਰੀ ਯੂਨੀਵਰਸਿਟੀ ਜਿੱਥੋਂ ਹਰ ਸਾਲ ਸੈਂਕੜੇ ਗ੍ਰੰਥੀ--ਰਾਗੀ-ਢਾਡੀ-ਪਰਚਾਰਕ ਬਣ ਬਣ ਨਿਕਲਦੇ ਜੋ ਸੰਸਾਰ ਦੇ ਸਾਰੇ ਗੁਰੂ ਦੁਆਰਿਆਂ ਨੂੰ ਪੂਜਾ ਪਾਠ ਚੜ੍ਹਤ ਚੜ੍ਹਾਵੇ ਵੱਟੇ (ਕਥਿਤ ਤੌਰ ਤੇ) ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਦੇ ਬਣ ਚੁੱਕੇ ਦੇਵ ਮੰਦਰਾਂ ਤੋਂ ਗਿਆਨ ਮੰਦਰ ਅਥਵਾ ਧਰਮਸ਼ਾਲਾਂ ਬਣਾ ਦਿੰਦੇ] ਉਸ ਪਾਵਨ ਮਹਾਂ ਵਿਦਿਆਲੇ ਵਿਚੋਂ ਗੁਰਮਤ-ਗੁਰਬਾਣੀ ਦੀ PHD ਦੀ ਡਿਗਰੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਲਈ ਅਤੇ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਾਹਿਬ ਲਈ ਜ਼ਰੂਰੀ ਸ਼ਰਤ ਬਣ ਗਈ ਹੁੰਦੀ । ਗ੍ਰੰਥੀਆਂ ਦੀ ਨਿਯੁਕਤੀ, ਵੇਤਨ, ਬਦਲੀ ਆਦਿ ਦਾ ਅਥਵਾ ਕਿਸੇ ਕੁਰਹਿਤ ਦੀ ਸ਼ਕਾਇਤ ਦੀ ਸੁਣਵਾਈ ਕਰਕੇ ਫੈਸਲੇ ਕਰਨ ਦੀ ਜ਼ਿਮੇਵਾਰੀ ਏਸੇ ਮਹਾਨ ਕੇਂਦਰ ਦੇ ਸਪੁਰਦ ਹੁੰਦੀ। ਈਸਾਈਆਂ ਵਾਂਗ ਗ੍ਰੰਥੀਆਂ ਪਰਚਾਰਕਾਂ ਵਿਚੋਂ ਤਰੱਕੀਆਂ ਕਰਦੇ ਕੇਂਦਰੀ ਪਦਵੀਆਂ ਤੇ ਪੁੱਜ ਸਕਣ ਦੀ ਵੀ ਮਰਯਾਦਾ ਬਣ ਜਾਂਦੀ। **ਇਹ ਹੁੰਦੀ ਸੱਚੀ ਸ਼ਰਧਾਂਜਲੀ >[ ਈਸਵੀ ਸੰਨ ਦੀ ੧੬ਵੀਂ ਸਦੀ** ਦੇ ਲਗ-ਪਗ ਅਰੰਭ ਵਿਚ ਇਹ ਪਾਵਨ ਬਚਨ -" **ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰ ਧਰਿ ਤਲੀ ਗਲੀ ਮੇਰੀ ਆਉ ॥** ਉਚਾਰਨ ਵਾਲੇ ਸਤਿਗੁਰੂ ਨਾਨਕ ਸਾਹਿਬ ਜੀ ਨੇ ੧੬੯੯ ਦੀ ਵਿਸਾਖੀ ਦੇ ਦਿਨ ਆਪਣੇ ਦਸਵੇਂ ਜਾਮੇ ਵਿਚ ਇਨ੍ਹਾ ਬਚਨਾਂ ਦੀ ਕਮਾਈ ਕਰਦੇ ਆ ਰਹੇ ਨਿਰਮਲ ਅਥਵਾ ਖ਼ਾਲਸ ਹੋ ਚੁੱਕੇ ਆਪਣੇ ਖ਼ਾਲਸਾ ਪੰਥ ਦੀ ਪਰਖ ਕੀਤੀ ਸੀ। ਨਿਆਰੀ ਅਤੇ ਮਹਾਂਨ ਕਰੜੀ ਉਸ ਪਰਖ ਵਿਚ ਪੂਰਾ ਉੱਤਰ ਕੇ ਖ਼ਾਲਸਾ-ਪੰਥ ਸੰਸਾਰ ਵਿਚ ਪ੍ਰਗਟ * ਹੋਏ ] **< ਖ਼ਾਲਸਾ ਪੰਥ ਦੇ ੩੦੦ ਸਾਲਾ ਪੁਰਬ ਲਈ** । ਪਰ ਪੰਥ ਦੇ ਭਵਿਖ ਲਈ ਅਤੀਅੰਤ ਲਾਹੇਵੰਦ ਸਿੱਧ ਹੋਣ ਵਾਲੀ ਅਜੇਹੀ ਅਨਮੋਲ ਸ਼ਰਧਾਂਜਲੀ ਅਰਪਣ ਕਰਨ ਦੀ ਵਿਚਾਰ,--ਉਸ ਮਤਿ ਵਿਚ ਕਿਵੇਂ ਆ ਸਕਦੀ ਸੀ ਜਿਸ ਨੇ ਲੋਕਾਂ ਦੀ ਕਮਾਈ ਤੇ ਕਰਨ ਵਿਚੋਂ ਸੁਖ਼ ਲੱਭਣਾ ਧਰਮ ਮੰਨਿ ਲਿਆ ਹੋਵੇ ? ਅਜੋਕੀ ਜਥੇਦਾਰੀ ਨੇ ਅਜੇਹੇ ਥਾਂਈ ਪੰਥਕ-ਧਨ ਖ਼ਰਚ ਕਰ ਦੇਣ ਵਿਚ ਆਪਣੀ ਵਡਿਆਈ ਮੰਨ ਲਈ ਹੈ, ਜਿਸ ਦੀ ਅਜ ਗੁਰੂ ਪੰਥ ਨੂੰ ਜ਼ਰਾ ਵੀ ਲੋੜ ਨਹੀਂ ਸੀ।

**[*Note:--** ੋ [**ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ ॥** (ਭਾਈ ਗੁਰਦਾਸਜੀ) ਅਤੇ--ਤਿਨ ਬੇਦਯਨ ਕੀ ਕੁਲ ਬਿਖੈ ਪ੍ਰਗਟੇ ਨਾਨਕ ਰਾਇ । ਸਭ ਸਿੱਖਨ ਕੋ ਸੁਖ ਦਏ ਜੱਤ ਤਹ ਭਏ ਸਹਾਇ ॥ ੪ ॥ ਤਿਨ ਇਹ ਕਲ ਮੋ ਧਰਮੁ ਚਲਾਯੋ । ਸਭ ਸਾਧਨ ਕੋ ਰਾਹ ਬਤਾਯੋ । ਜੋ ਤਾਕੇ ਮਾਰਗ ਮਹਿ ਆਏ । ਤੇ ਕਬਹੂੰ ਨਹਿ ਪਾਪ ਸੰਤਾਏ । ੫ । [ਬਿਚਿਤ੍ਰ ਨਾਟਕ) ਕੀ ਜਥੇਦਾਰ ਸਾਹਿਬਾਨ ਇਸ ਸਚਾਈ ਤੋਂ ਜਾਣੂ ਹੋਣਾ ਝੱਲ ਕੇ ੧੬੯੯ ਨੂੰ ਖ਼ਾਲਸੇ ਦਾ ਜਨਮ ਦਿਨ ਕਹਿਣ ਵਾਲਾ ਕੁਫ਼ਰ ਬੋਲਣ ਵਾਲੇ ਅਪਰਾਧ ਤੋਂ ਤੋਬਾ ਕਰ ਲੈਣ ਦੀ ਗੱਲ ਕਦੇ ਸੋਚ ਸਕਣਗੇ ਜੀ **?**] ਖਿਮਾ ਕਰਨਾ ਜੀ- ਅੱਜ ਜੋ ਕੁਝ ਹੋ ਰਿਹਾ ਹੈ ਉਸ ਸਾਰੇ ਕੁਝ ਦਾ ਹਾਲ ਲਿਖਣ ਲਈ, -- ਗੋਰ ਕਿਨਾਰੇ ਪੁੱਜੇ ਮੇਰੇ ਜਿਹੇ ਨਿਤਾਣੇ ਦੀ ਕੀ ਪਾਇਆਂ ?

ਉਰਦੂ ਦੇ ਸ਼ਾਇਰ ਦਾ ਕਥਨ--- **ਦਿਲ ਕੇ ਫਫੋਲੇ ਜਲ ਉਠੇ ਸੀਨੇ ਕੇ ਦਾਗ਼ ਸੇ ।**

**ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ** ॥--{ਬਾਰ ਬਾਰ ਜ਼ਬਾਨ ਤੇ ਆ ਟਿਕਦਾ ਹੈ}

**੧੩) ਗੁਰਮੁਖ ਪਿਆਰੇ ਸ: ਭੁਪਿੰਦਰ ਸਿੰਘ ਜੀ** -- ਨੇ ਬੈਂਕਾਕ ਵਿਖੇ ਮਿਲੀ ਵਧੀਆ ਵੇਤਨ ਵਾਲੀ **Engineerng** ਦੀ **Job** ਦੇ ਵੱਲ ਪਿੱਠ ਕਰਕੇ ਬ੍ਰਾਹਮਣੀ ਭਰਮ-ਜਾਲ ਵਿਚ ਫਸਦੇ ਜਾ ਰਹੇ ਲੋਕਾਂ ਨੂੰ ਗੁਰਮਤਿ ਦੀ ਠੀਕ ਜਾਣਕਾਰੀ ਦੇਣ ਲਈ, ਗੁਰੂ ਬਾਣੀ ਦੇ ਸ਼ੁੱਧ ਅਰਥ ਸਮਝਾ ਸਮਝਾ ਕੇ ਗੁਰਮਤਿ ਨਾਲ ਜੋੜੀ ਜਾਣ ਦੀ ਨਿਸ਼ਕਾਮ ਸੇਵਾ ਸਾਂਭੀ ਹੋਈ ਹੈ। **ਥੁਹੜੇ ਹੀ ਦਿਨ ਹੋਏ ਹਨ ਕਿ, ਭਾਵੇਂ ਤੁਸਾਂ ਆਪ ਐਰਾਜ਼ੋਨਾ (ਅਮਰੀਕਾ) ਵਿਖੇ ਕੁਰਸੀਆਂ ਤੇ ਬੈਠ ਕੇ ਹੀ ਗੁਰਮਤਿ ਵਿਚਾਰਾਂ ਕੀਤੀਆਂ, ਤੁਸਾਂ ਆਪ ਅਰਦਾਸਾ ਸੋਧਿਆ ਅਤੇ ਕੁਸੀਆਂ ਤੇ ਬੈਠ ਕੇ ਹੀ ਲੰਗਰ ਛਕਿਆਂ, ਪਰ ਭਾਈ ਭੁਪਿੰਦਰ ਸਿੰਥ ਜੀ ਵਲੋਂ ਅਪਣਾਇਆਂ ਉਹੀ ਗੁਰਮਤਿ-ਪਰਚਾਰ ਢੰਗ ਤੁਹਾਨੂੰ ਚੁੱਭ ਗਿਆ** ? ਜਦ ਕਈਆਂ ਗੁਰਸਿੱਖਾਂ ਤੋਂ ਇਹ ਸੁਣਿਆਂ ਕਿ ਤੁਸੀ ਉਸ ਗੁਰਮੁਖਿ ਦੀ ਸੇਵਾ ਨੂੰ **ਗੁਰਮਤਿ ਵਿਰੋਧੀ** ਕਹਿ ਕੇ ਭੰਡ ਰਹੇ ਹੋ, ਤਾਂ ਦਿਲ ਨੂੰ ਬੜਾ ਸਖ਼ਤ ਧੱਕਾ ਲਗਿਆ। ਇਸ ਸੰਬੰਧ ਵਿਚ ਵਿਕਟੋਰੀਆ ਨਿਵਾਸੀ ਇੱਕ ਬੜੇ ਸੂਝਵਾਨ ਗੁਰਸਿੱਖ ਨਾਲ ਹੋਈ ਗੱਲ ਬਾਤ ਦਾ ਵੇਰਵਾ, **ਨਾਲ ਨੱਥੀ ਅੱਡਰੀ ਚਿੱਠੀ** ਵਿਚ ਲਿਖ ਭੇਜਿਆ ਹੈ। ਪੜ੍ਹ ਲੈਣ ਦੀ ਖੇਚਲ ਕਰ ਲੈਣੀ ਜੀ। ਤੁਹਾਡੇ ਵਲੋਂ ਕਿਸੇ ਪ੍ਰਕਾਰ ਦੇ ਹੁੰਗਾਰੇ ਦੇ ਆਉਣ ਦੀ ਵੀ ਆਸ ਰੱਖਣੀ ਫਜ਼ੂਲ ਬਣ ਚੁੱਕੀ ਹੈ। ਕਿਉਂਕਿ ਕੋਈ ਸੇਧ ਪੱਤਰ ਲਿਖਣਾ ਤੁਸਾਂ ਅਰੰਭ ਤੋਂ ਹੀ ਛਡਿਆ ਹੋਇਆ ਹੈ। ਸੋ, ਕੇਵਲ ਆਪਣੇ ਅੰਦਰ ਝਾਤੀ ਮਾਰ ਕੇ ਨਿਰਣਾ ਕਰ ਲੈਣਾ ਕਿ, ਕੀ, ਤੁਸੀਂ ਸਚ-ਮੁਚ ਸਨਮਾਨਜੋਗ ਸਿੰਘ ਸਾਹਿਬ ਹੀ ਹੋ ? ਕੀ, ਗੁਰੂ ਬਾਣੀ ਦਾ ਇਹ ਫ਼ੁਰਮਾਨ---**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ, ਗੁਰ ਉਪਦੇਸੁ ਚਲਾਏ**- ਤੁਹਾਡੇ ਵਿਹਾਰ ਤੇ ਕਿਸੇ ਪੱਖੋਂ ਵੀ ਢੁੱਕ ਸਕਦਾ ਹੈ ਜੀ?

**੧੪-** ਸਤਿਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਨ ਹੈ--**ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰ ਨ ਪਾਵੈ**---ਦਾਸ ਅਸੀਹਾਂ ਦੇ ਨੇੜੇ ਪੁੱਜ ਚੁੱਕਾ ਹੈ। ਇਸ ਪੱਤਰ ਵਿਚ ਨਿਰਸੰਦੇਹ ਮੌਤ ਨੂੰ ਸਦਾ ਦੇਣ ਵਾਲੀਆਂ ਭੁੱਲਾਂ ਕੀਤੀਆਂ ਹਨ। ਤੁਸੀਂ ਉਦਾਰ ਚਿੱਤ ਵਿਦਵਾਨ ਮਿਠਬੋਲੜੇ ਨੌਜਵਾਨ ਕੇਸਾ-ਧਾਰੀ ਸਿੱਖ ਹੋ । ਪੱਕਾ ਯਕੀਨ ਹੈ ਕਿ ਆਪ ਜੀ ਸਤਿਗੁਰਾਂ ਦੇ ਇਸ ਗੁਰੂ ਫ਼ੁਰਮਾਨ ਤੋਂ ਵੀ ਸੁਚੇਤ ਹੋ---**ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥ ਰਤਨੁ ਗਿਆਨੁ ਸਭ ਕੋ ਹਿਰ ਲੀਨਾ ਤਾ ਸਿਉ ਕਛੁ ਨਾ ਬਸਾਈ ॥ ੧ ॥** ਖਿਮਾਂ ਦੇ ਘਰ ਵਿਚ ਹੀ ਬਿਰਾਜੇ ਰਹਿਣਾ ਜੀ । ਜਲਾਲ ਵਿਚ ਆਉਣ ਨਾਲੋਂ ਆਪਾ ਫਰੋਲਣਾ ਬਹੁਤ ਲਾਹੇਵੰਦ ਉੱਦਮ ਹੈ-- **ਆਪੁ ਪਛਾਣੈ ਮਨੁ ਨਿਰਮਲੁ ਹੋਇ ॥ ਜੀਵਨ ਮੁਕਤਿ ਹਰਿ ਪਾਵੈ ਸੋਇ ॥** [੧੬੧] **ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ ॥[੨੨੯]-ਜਨਿ ਨਾਨਕ ਬਿਨੁ ਆਪਾ ਚੀਨੈ, ਮਿਟੈ ਨ ਭ੍ਰਮ ਕੀ ਕਾਈ ॥** ੬੮੪]--**ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮ ਨਉਨਿਧਿ ਪਾਈ ॥**[੧੧੨੮] **ਆਪਣਾ ਆਪੁ ਨ ਪਛਾਣਹਿ ਸੰਤਹੁ ਕੂੜਿ ਕਰਹਿ ਵਡਿਆਈ ॥ ੧੩ ॥**[੯੧੦] ਗੁਰਮਤਿ ਦੇ ਸਿਧਾਂਤ ਨੂੰ ਸਪੱਸ਼ਟ ਕਰਨ ਲਈ ਦਾਸ ਨੇ ਮਿਥੇ ਆਪਣੇ ਟੀਚੇ ਅਨੁਸਾਰ ਪੰਜ ਗੁਰੂ ਫ਼ੁਰਮਾਨ ਲਿਖ ਦਿੱਤੇ ਹਨ। ਪਰ ਤੁਸੀਂ ਪਾਵਨ ਤਖ਼ਤਾਂ ਦੇ ਜਥੇਦਾਰ ਸਾਹਿਬਾਨ-- ਸਿੰਘ ਸਾਹਿਬ ਬਣਦੇ ਸਾਰ ਹੀ ਸ਼ਾਇਦ ਅਜੇਹੇ ਗੁਰੂ ਹੁਕਮਾ ਨੂੰ ਪੜ੍ਹਨ-ਵਿਚਾਰਨ ਦੀ ਲੋੜ ਤੋਂ ਬਹੁਤ ਦੂਰ ਜਾ ਬਿਰਾਜਦੇ ਹੋ ? ਅਜੇਹੇ ਉਪਦੇਸ਼ ਤਾਂ ਸਾਡੇ ਜਿਹੇ ਨੀਚਾਂ ਲਈ ਹੀ ਲਾਹੇਵੰਦ ਹੁੰਦੇ ਹਨ। ਪਰ ਵੇਖੀਏ ਸ਼ਾਇਦ ਤੁਹਾਡੀ ਜ਼ਮੀਰ ਦੀ ਕੋਈ ਸਹਿਕਦੀ ਰਗ, ਮਾਇਆ ਦੀ ਘੂਕੀ ਤੋੜਨ ਵਿਚ ਸਫ਼ਲ ਹੋ ਹੀ ਜਾਵੇ ? ਭੁੱਲਾਂ ਦੀ ਖਿਮਾ ਕਰਦੇ ਹੋਏ ਦਾਸ ਦੇ ਹਿਰਦੇ ਵਿਚਲੀ ਪੀੜ ਦੀ ਅਸਲੀਅਤ ਸਮਝਦਿਆਂ, ਇਸ ਜੋਦੜੀ ਪੱਤਰ ਵਿਚਲੇ ਸ਼ੰਕਿਆਂ ਨੂੰ ਕਰਮ ਵਾਰ ਨਿਰਮੂਲ ਸਿੱਧ ਕਰਨ ਵਾਲੀ ਉਸਾਰੂ ਸੇਧ ਪੱਤਰ ਲਿਖ ਭੇਜਣ ਦੀ ਮਿਹਰ ਕਰ ਭੇਜੋ। ਦਾਸ ਅੰਤਲੇ ਸੁਆਸਾਂ ਤੱਕ ਆਪ ਜੀ ਦਾ ਰਿਣੀ ਰਹੇਗਾ-- ਗੁਰਮਤਿ ਅਨੁਸਾਰ ਜੀਵਨ ਜੀਉਂ ਰਹੇ ਗੁਰਮੁਖਾਂ ਦੇ ਚਰਨਾਂ ਦੀ ਧੂੜ--

ਦਾਸਰਾ ਗੁਰਬਖ਼ਸ਼ ਸਿੰਘ (ਕਾਲਾ ਅਫ਼ਗ਼ਾਨਾ)

ਨੋਟ:--ਭੇਜਿਆਂ ਪੱਤਰਾਂ ਦਾ ਵੇਰਵਾ (੧)-ਇਹ ਬੇਨਤੀ ਪੱਤਰ- ਛੇ ਸਫ਼ੇ। (੨) ੨੧ ਜਨਵਰੀ ੧੯੯੯ ਵਾਲਾ ਪੱਤਰ-੨ ਸਫ਼ੇ । (੩) ਸਿੰ:ਸ:ਜ:ਰਣ:ਸਿ: ਵਲ ਚਿੱਠੀ ੨ ਸਫ਼ੇ । (੪) ਨਾਨਕ ਨਾਮ ਜਹਾਜ਼ ਫ਼ਿਲਮ ੪ ਸਫ਼ੇ । ਕੁੱਲ= ੧੪ ਸਫ਼ੇ

[ ਸ਼ੱਕ ਕਰਨ ਦੀ ਜ਼ਰਾ ਵੀ ਗੁੰਜਾਇਸ਼ ਨਹੀਂ ਹੈ ਕਿ, ਇਸ ਹਕੀਰ ਚਿੱਠੀ ਨੂੰ ਪੜ੍ਹਦਿਆਂ ਹੀ ਤੁਸਾਂ ਉੱਤਰ ਲਿਖਣ ਦਾ ਜਾਂ ਨਾ ਲਿਖਣ ਦਾ ਮਨ ਬਣਾ ਲੈਣਾ ਹੈ। ਸੋ ਨਿਮਰਤਾ ਸਹਿਤ ਬੇਨਤੀ ਹੈ ਕਿ, ਜੇ, ਤੁਸਾਂ ਪਹਿਲਾਂ ਵਾਂਗ ਚੁੱਪ ਹੀ ਸਾਧ ਲੈਣੀ ਹੋਵੇ ਤਾਂ--ਕਮਜ਼ੋਰ ਅਤੇ ਜਰਜਰੇ ਸਰੀਰ ਵਾਲੇ ਇਸ ਨਿਮਾਣੇ ਨੂੰ ਐਵੇਂ **ਕਈ ਮਹੀਨੇ ਉਡੀਕ ਕਰਨ ਉਪਰੰਤ ਨਿਰਾਸ ਹੋ ਕੇ ਹਉਕੇ ਭਰਦੇ ਰਹਿਣ ਦੇ ਕਸ਼ਟ** ਤੋਂ ਬਚਾਉਣ ਦਾ ਉਪਕਾਰ